Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 120 17/09/2025 www.samajweekly.com samajweekly @samajweekly samajweekly

# ਦੇਹਰਾਦੂਨ ਦੇ ਸਹਿਸਤ੍ਰਧਾਰਾ ਵਿੱਚ ਬੱਦਲ ਫਟਣ ਕਾਰਨ ਭਾਰੀ ਤਬਾਹੀ

## 10 ਵਿਅਕਤੀਆਂ ਦੀ ਮੌਤ, 4 ਲਾਪਤਾ

**ਦੇਹਰਾਦੂਨ।** ਬੀਤੀ ਦੇਰ ਰਾਤ ਦੇਹਰਾਦੂਨ ਦੇ ਸਹਿਸਤ੍ਰਧਾਰਾ ਇਲਾਕੇ ਵਿੱਚ ਬੱਦਲ ਫਟਣ ਨਾਲ ਭਾਰੀ ਤਬਾਹੀ ਹੋਈ ਹੈ। ਅਚਾਨਕ ਆਏ ਹੜ੍ਹ ਨਾਲ ਤਮਸਾ ਨਦੀ ਵਿੱਚ ਪਾਣੀ ਦਾ ਪੱਧਰ ਵੱਧ ਗਿਆ ਹੈ। ਤੇਜ਼ ਪਾਣੀ ਦੇ ਵਹਾਅ ਵਿੱਚ ਕਈ ਗੱਡੀਆਂ ਵਹਿ ਗਈਆਂ ਅਤੇ 10 ਵਿਅਕਤੀਆਂ ਦੀ ਮੌਤ ਹੋ ਗਈ ਅਤੇ 4 ਵਿਅਕਤੀ ਲਾਪਤਾ ਹੋ ਗਏ। ਇਸ ਦੌਰਾਨ ਮੁੱਖ ਬਾਜ਼ਾਰ ਵਿੱਚ ਮਲਬਾ ਭਰ ਜਾਣ ਕਾਰਨ ਹੋਟਲਾਂ ਅਤੇ ਦੁਕਾਨਾਂ ਦਾ ਨੁਕਸਾਨ ਹੋਇਆ ਹੈ। ਹਾਲਾਤ ਨੂੰ ਦੇਖਦੇ ਹੋਏ ਪ੍ਰਸ਼ਾਸਨ ਨੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਨੂੰ 12ਵੀਂ ਤੱਕ ਬੰਦ ਕਰਨ ਦਾ ਹੁਕਮ ਦਿੱਤਾ ਹੈ। ਤੇਜ਼ ਮੀਂਹ ਕਾਰਨ ਟਪਕੇਸ਼ਵਰ ਮਹਾਦੇਵ ਮੰਦਰ ਪੂਰੀ ਤਰ੍ਹਾਂ ਹੜ੍ਹ ਦੀ ਲਪੇਟ ਵਿੱਚ ਆ ਗਿਆ। ਮੰਦਰ ਦੇ ਪੁਜਾਰੀ ਅਨੁਸਾਰ ਸਵੇਰੇ ਕਰੀਬ 5 ਵਜੇ ਨਦੀ ਵਿੱਚ ਪਾਣੀ ਦਾ ਪੱਧਰ ਵਧਿਆ, ਜਿਸ ਕਾਰਨ ਪੂਰਾ ਮੰਦਰ ਡੁੱਬ ਗਿਆ ਅਤੇ ਕਈ ਮੂਰਤੀਆਂ ਵਹਿ ਗਈਆਂ। ਹਾਲਾਂਕਿ, ਗਰਭਗ੍ਰਹਿ ਸੁਰੱਖਿਅਤ ਹੈ, ਪਰ ਪਾਣੀ ਉਤਰਨ ਤੋਂ ਬਾਅਦ ਮੰਦਰ ਦੇ ਕੰਪਲੈਕਸ ਵਿੱਚ ਕਰੀਬ ਦੋ ਫੁੱਟ ਮਲਬਾ ਜਮ੍ਹਾ ਮਿਲਿਆ। ਰਿਸ਼ੀਕੇਸ਼ ਵਿੱਚ ਅੱਜ ਸਵੇਰ ਤੋਂ ਹੀ ਚੰਦਰਭਾਗਾ ਨਦੀ ਵਿੱਚ ਪਾਣੀ ਦਾ ਪੱਧਰ ਵਧਿਆ




ਹੋਇਆ ਹੈ। ਇਸ ਮੌਕੇ ਪਾਣੀ ਹਾਈਵੇ ਤੱਕ ਪਹੁੰਚ ਗਿਆ, ਜਿਸ ਨਾਲ ਆਵਾਜਾਈ ਪ੍ਰਭਾਵਿਤ ਹੋਈ ਹੈ। ਐਸ ਡੀ ਆਰ ਐਫ ਦੀ ਟੀਮ ਨੇ ਨਦੀ ਵਿੱਚ ਫਸੇ ਤਿੰਨ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ। ਟੀਮ ਅਨੁਸਾਰ ਕਈ ਵਾਹਨ ਅਜੇ ਵੀ ਪਾਣੀ ਵਿੱਚ ਫਸੇ ਹੋਏ ਹਨ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਐਕਸ ਤੇ ਪੋਸਟ ਕਰਦਿਆਂ ਕਿਹਾ ਕਿ ਸਹਿਸਤ੍ਰਧਾਰਾ, ਦੇਹਰਾਦੂਨ ਵਿੱਚ ਭਾਰੀ ਮੀਂਹ ਕਾਰਨ ਦੁਕਾਨਾਂ ਦੇ ਹੋਏ ਨੁਕਸਾਨ ਬਾਰੇ ਦੁਖਦਾਈ ਖ਼ਬਰ ਮਿਲੀ ਹੈ। ਜ਼ਿਲ੍ਹਾ ਪ੍ਰਸ਼ਾਸਨ, ਐਸਡੀਆਰਐਫ ਅਤੇ ਪੁਲੀਸ ਟੀਮਾਂ ਮੌਕੇ ਤੇ ਪਹੁੰਚ ਕੇ ਰਾਹਤ ਅਤੇ ਬਚਾਅ ਕਾਰਜ ਚਲਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੈਂ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਨਾਲ ਲਗਾਤਾਰ ਸੰਪਰਕ ਵਿਚ ਹਾਂ ਅਤੇ ਖ਼ੁਦ ਹਾਲਾਤਾਂ ਤੇ ਨਜ਼ਰ ਰੱਖ ਰਿਹਾ ਹਾਂ, ਮੈਂ ਸਭ ਦੀ ਸੁਰੱਖਿਆ ਲਈ ਪ੍ਰਮਾਤਾਮਾ ਨੂੰ ਅਰਦਾਸ ਕਰਦਾ ਹਾਂ।

# ਮੰਡੀ ਵਿੱਚ ਭਾਰੀ ਮੀਂਹ ਕਾਰਨ ਢਿੱਗਾਂ ਡਿੱਗੀਆਂ, ਹੜ੍ਹ ਕਾਰਨ 4 ਮੌਤਾਂ, 3 ਲਾਪਤਾ

**ਮੰਡੀ।** ਅੱਜ ਤੜਕਸਾਰ ਮੰਡੀ ਜ਼ਿਲ੍ਹੇ ਵਿੱਚ ਭਾਰੀ ਮੀਂਹ ਨੇ ਤਬਾਹੀ ਮਚਾ ਦਿੱਤੀ ਅਤੇ ਇਸ ਦੌਰਾਨ ਢਿੱਗਾਂ ਡਿੱਗਣ ਅਤੇ ਹੜ੍ਹ ਨਾਲ ਭਾਰੀ ਤਬਾਹੀ ਹੋਈ ਹੈ। ਇਸ ਘਟਨਾ ਵਿੱਚ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਤਿੰਨ ਵਿਅਕਤੀ ਲਾਪਤਾ ਹੋ ਗਏ, ਜਦੋਂ ਕਿ ਦੋ ਵਿਅਕਤੀਆਂ ਨੂੰ ਬਚਾ ਲਿਆ ਗਿਆ ਹੈ। ਇਸ ਤੋਂ ਇਲਾਵਾ ਸਰਕਾਰੀ ਅਤੇ ਨਿੱਜੀ ਜਾਇਦਾਦ ਨੂੰ ਵੀ ਕਾਫੀ ਨੁਕ-ਸਾਨ ਹੋਇਆ ਹੈ। ਸੁੰਦਰਨਗਰ ਸਬ-ਡਿਵੀਜ਼ਨ ਦੀ ਨਿਹਰੀ ਤਹਿਸੀਲ ਦੀ ਬੋਏ ਪੰਚਾਇਤ ਦੇ ਬਰਾਗਟਾ ਪਿੰਡ ਵਿੱਚ ਇੱਕ ਘਰ ਤੇ ਢਿੱਗਾਂ ਡਿੱਗਣ ਨਾਲ ਪਰਿਵਾਰ ਦੇ ਪੰਜ ਮੈਂਬਰ ਮਲਬੇ ਹੇਠਾਂ ਦੱਬ ਗਏ। ਇਸ ਦੌਰਾਨ ਪਿੰਡ ਵਾਸੀਆਂ ਤੁਰੰਤ ਬਚਾਅ ਕਾਰਜ ਸ਼ੁਰੂ ਕਰਦਿਆਂ ਗੰਭੀਰ ਜ਼ਖਮੀ ਹੋਏ ਦੋ ਵਿਅਕਤੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ। ਉਨ੍ਹਾਂ ਨੂੰ ਤੁਰੰਤ ਨਜ਼ਦੀਕੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਸਥਾਨਕ ਲੋਕਾਂ, ਪੁਲੀਸ ਅਤੇ ਆਫ਼ਤ ਪ੍ਰਬੰਧਨ ਕਰਮਚਾਰੀਆਂ ਦੀ ਇੱਕ ਸਾਂਝੀ ਬਚਾਅ ਟੀਮ ਬਾਕੀ ਤਿੰਨ ਵਿਅਕਤੀਆਂ ਦੀ ਭਾਲ ਕਰ ਰਹੀ ਹੈ, ਜਿਨ੍ਹਾਂ ਦੇ ਮਲਬੇ ਹੇਠਾਂ ਦਬੇ ਹੋਣ ਦਾ ਖਦਸ਼ਾ ਹੈ। ਲਗਾਤਾਰ ਮੀਂਹ ਅਤੇ ਮਿੱਟੀ ਦੀ ਅਸਥਿਰ ਸਥਿਤੀ ਕਾਰਨ ਬਚਾਅ ਕਾਰਜਾਂ ਵਿੱਚ ਰੁਕਾਵਟ ਆ ਰਹੀ ਹੈ। ਇੱਕ ਹੋਰ ਘਟਨਾ ਵਿੱਚ ਬੀਤੀ ਦੇਰ ਰਾਤ ਧਰਮਪੁਰ ਬਾਜ਼ਾਰ ਖੇਤਰ ਵਿੱਚ ਅਚਾਨਕ ਹੜ੍ਹ ਆਉਣ ਕਾਰਨ ਮੁੱਖ ਬੱਸ ਅੱਡਾ ਅਤੇ ਆਸ-ਪਾਸ ਦੀਆਂ ਦੁਕਾਨਾਂ ਪਾਣੀ ਵਿੱਚ ਡੁੱਬ ਗਈਆਂ। ਹੜ੍ਹ ਦੇ ਪਾਣੀ ਨਾਲ ਸਰਕਾਰੀ ਅਤੇ ਨਿੱਜੀ ਜਾਇਦਾਦ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਹੜ੍ਹ ਵਿੱਚ ਹਿਮਾਚਲ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੀਆਂ ਕੁਝ ਬੱਸਾਂ ਅਤੇ ਇਲਾਕੇ ਵਿੱਚ ਖੜ੍ਹੇ ਹੋਰ ਵਾਹਨਾਂ ਵਹਿਣ ਗਏ। ਹੜ੍ਹ ਦੀ ਘਟਨਾ ਵਿੱਚ ਇੱਕ ਵਿਅਕਤੀ ਦੇ ਲਾਪਤਾ ਹੋਣ ਦੀ



ਖ਼ਬਰ ਹੈ। ਹੜ੍ਹ ਦਾ ਪਾਣੀ ਦੁਕਾਨਾਂ ਵਿੱਚ ਵੜਨ ਕਾਰਨ ਸਾਮਾਨ ਅਤੇ ਬੁਨਿਆਦੀ ਢਾਂਚੇ ਨੂੰ ਵੀ ਨੁਕਸਾਨ ਪਹੁੰਚਿਆ ਹੈ। ਮੁੱਢਲੇ ਅਨੁਮਾਨ ਅਨੁਸਾਰ ਕਈ ਕਰੋੜਾਂ ਦਾ ਨੁਕਸਾਨ ਹੋਇਆ ਹੈ। ਡਿਪਟੀ ਕਮਿਸ਼ਨਰ ਮੰਡੀ ਅਪੂਰਵ ਦੇਵਗਨ ਨੇ ਪੀਟੀਆਈ ਨੂੰ ਦੱਸਿਆ ਕਿ ਤਿੰਨ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ, ਜਦੋਂ ਕਿ ਦੋ ਵਿਅਕਤੀਆਂ ਨੂੰ ਬਚਾ ਲਿਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਮੀਂਹ ਕਾਰਨ ਮੰਡੀ ਜ਼ਿਲ੍ਹੇ ਦੇ ਧਰਮਪੁਰ ਵਿੱਚ ਸੋਨ ਅਤੇ ਭਰਾਂਡ ਨਾਲਿਆਂ ਵਿੱਚ ਹੜ੍ਹ ਆ ਗਿਆ, ਜਿਸ ਕਾਰਨ ਇੱਕ ਬੱਸ ਅੱਡਾ, ਇੱਕ ਵਰਕਸ਼ਾਪ, ਪੰਪ ਹਾਊਸ, ਦੁਕਾਨਾਂ ਅਤੇ 20 ਤੋਂ ਵੱਧ ਬੱਸਾਂ ਨੁਕਸਾਨੀਆਂ ਗਈਆਂ। ਧਰਮਪੁਰ ਦੇ ਉਪ-ਮੰਡਲ ਮੈਜਿਸਟਰੇਟ ਜੋਗਿੰਦਰ ਪਤਿਆਲ ਨੇ ਇਸ ਤਬਾਹੀ ਦੀ ਪੁਸ਼ਟੀ ਕੀਤੀ। ਉਨ੍ਹਾਂ ਦੱਸਿਆ ਕਿ ਇੱਕ ਵਿਅਕਤੀ ਲਾਪਤਾ ਦੱਸਿਆ ਗਿਆ ਹੈ ਅਤੇ ਬੱਸ ਅੱਡੇ ਦੇ ਇਲਾਕੇ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ।

ਧਰਮਪੁਰ ਤੋਂ ਭਾਜਪਾ ਆਗੂ ਰਜਤ ਠਾਕੁਰ ਨੇ ਵੀ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਅਤੇ ਇਸ ਤਬਾਹੀ ਤੇ ਡੂੰਘੀ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਕੁਦਰਤ ਨੇ ਧਰਮਪੁਰ ਦੇ ਲੋਕਾਂ ਨੂੰ ਡੂੰਘੇ ਜ਼ਖਮ ਦਿੱਤੇ ਹਨ। ਅੰਦਾਜ਼ਨ ਨੁਕਸਾਨ ਕਰੋੜਾਂ ਵਿੱਚ ਹੈ ਅਤੇ ਪ੍ਰਭਾਵਿਤ ਪਰਿਵਾਰਾਂ ਲਈ ਤੁਰੰਤ ਸਹਾਇਤਾ ਦੀ ਲੋੜ ਹੈ। ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਸਥਾਨਕ ਵਲੰਟੀਅਰਾਂ ਅਤੇ ਰਾਜ ਆਫ਼ਤ ਪ੍ਰਤੀਕਿਰਿਆ ਬਲ ਦੇ ਨਾਲ ਬਚਾਅ ਅਤੇ ਰਾਹਤ ਕਾਰਜਾਂ ਵਿੱਚ ਸਰਗਰਮੀ ਨਾਲ ਲੱਗੀਆਂ ਹੋਈਆਂ ਹਨ। ਨੁਕਸਾਨ ਦਾ ਪੂਰਾ ਮੁਲਾਂਕਣ ਹੋਣ ਤੋਂ ਬਾਅਦ ਰਾਜ ਸਰਕਾਰ ਵੱਲੋਂ ਮੁਆਵਜ਼ੇ ਅਤੇ ਮੁੜ ਵਸੇਬੇ ਦੇ ਉਪਾਵਾਂ ਦਾ ਐਲਾਨ ਕੀਤੇ ਜਾਣ ਦੀ ਉਮੀਦ ਹੈ।

ਇਸ ਦੌਰਾਨ, ਅਧਿਕਾਰੀਆਂ ਨੇ ਨੀਵੇਂ ਅਤੇ ਕਮਜ਼ੋਰ ਇਲਾਕਿਆਂ ਦੇ ਵਸਨੀਕਾਂ ਨੂੰ ਚੌਕਸ ਰਹਿਣ ਲਈ ਚੇਤਾਵਨੀ ਜਾਰੀ ਕੀਤੀ ਹੈ, ਕਿਉਂਕਿ ਮੌਸਮ ਦੇ ਅਨੁਮਾਨ ਅਨੁਸਾਰ ਅਗਲੇ ਕੁਝ ਘੰਟਿਆਂ ਵਿੱਚ ਇਸ ਖੇਤਰ ਵਿੱਚ ਲਗਾਤਾਰ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਗਈ ਹੈ।

# ਪ੍ਰਵਾਸੀ ਮਜ਼ਦੂਰਾਂ ਨੂੰ ਪੰਜਾਬ ਤੋਂ ਬਾਹਰ ਕੱਢਣ ਦੀ ਮੰਗ

**ਹੁਸ਼ਿਆਰਪੁਰ 'ਚ 5 ਸਾਲਾ ਬੱਚੇ ਦੇ ਅਗਵਾ ਅਤੇ ਕਤਲ ਦਾ ਮਾਮਲਾ, ਲੋਕਾਂ ਨੇ ਦਿੱਤਾ ਧਰਨਾ**

**ਜਲੰਧਰ।** ਹੁਸ਼ਿਆਰਪੁਰ ਵਿੱਚ 5 ਸਾਲ ਦੇ ਬੱਚੇ ਦੀ ਮੌਤ ਤੋਂ ਬਾਅਦ ਪੰਜਾਬ ਦਾ ਮਾਹੌਲ ਗਰਮਾ ਗਿਆ ਹੈ। ਪ੍ਰਵਾਸੀ ਮਜ਼ਦੂਰਾਂ ਨੂੰ ਪੰਜਾਬ ਤੋਂ ਬਾਹਰ ਕੱਢਣ ਦੀ ਮੰਗ ਕੀਤੀ ਜਾ ਰਹੀ ਹੈ। ਇਸ ਦੌਰਾਨ, ਜਲੰਧਰ ਦੇ ਥਾਣਾ 7 ਦੇ ਅਧੀਨ ਆਉਣ ਵਾਲੇ ਅਰਬਨ ਸਟੇਟ ਫੇਜ਼-2 ਦੇ ਲੋਕਾਂ ਨੇ ਪੰਜਾਬ ਆਏ ਪ੍ਰਵਾਸੀ ਲੋਕਾਂ ਨੂੰ ਬਾਹਰ ਕੱਢਣ ਦੀ ਮੰਗ ਕਰਦੇ ਹੋਏ ਧਰਨਾ ਦਿੱਤਾ। ਲੋਕਾਂ ਨੇ ਕਿਹਾ ਕਿ ਇੱਕ ਬੱਚੇ ਦਾ ਇਸ ਤਰ੍ਹਾਂ ਮਰਨਾ ਬਹੁਤ ਗਲਤ ਹੈ। ਇਨ੍ਹਾਂ ਸਾਰੇ ਪ੍ਰਵਾਸੀ ਮਜ਼ਦੂਰਾਂ ਨੂੰ ਸ਼ਹਿਰ ਤੋਂ ਬਾਹਰ ਕੱਢ ਦਿੱਤਾ ਜਾਣਾ ਚਾਹੀਦਾ



ਹੈ। ਲੋਕਾਂ ਦਾ ਕਹਿਣਾ ਹੈ ਕਿ ਅਜਿਹਾ ਸਖ਼ਤ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ ਤਾਂ ਜੋ ਭਵਿੱਖ ਵਿੱਚ ਕੋਈ ਵੀ ਅਜਿਹਾ ਗਲਤ ਕੰਮ ਨਾ ਕਰ ਸਕੇ। ਅਜਿਹੇ ਮਾਮਲੇ ਵਿੱਚ ਮੌਤ ਦੀ ਸਜ਼ਾ ਹੋਣੀ ਚਾਹੀਦੀ ਹੈ। ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸਾਰੇ ਪ੍ਰਵਾਸੀਆਂ ਨੂੰ ਬਾਹਰ ਕੱਢ ਦਿੱਤਾ ਜਾਵੇ। ਜੇਕਰ ਉਨ੍ਹਾਂ ਨੂੰ ਬਾਹਰ ਨਹੀਂ ਕੱਢਿਆ ਜਾਂਦਾ ਹੈ ਤਾਂ ਮਕਾਨ ਮਾਲਕ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਇਸ ਘਟਨਾ ਨਾਲ ਪੂਰਾ ਪੰਜਾਬ ਹਿੱਲ ਗਿਆ ਹੈ ਅਤੇ ਬੱਚੇ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ। ਅਜਿਹਾ ਘਿਨਾਉਣਾ ਕੰਮ ਕਰਨ ਵਾਲਿਆਂ ਨੂੰ ਮੌਤ ਤੋਂ ਵੀ ਵੱਡੀ ਸਜ਼ਾ ਮਿਲਣੀ ਚਾਹੀਦੀ ਹੈ। ਜੋ ਵੀ ਅਜਿਹਾ ਕੰਮ ਕਰਦਾ ਹੈ, ਭਾਵੇਂ ਉਹ ਪ੍ਰਵਾਸੀ ਹੋਵੇ ਜਾਂ ਪੰਜਾਬੀ, ਉਸਨੂੰ ਜ਼ਰੂਰ ਸਜ਼ਾ ਮਿਲਣੀ ਚਾਹੀਦੀ ਹੈ।

## ਅਪੋਲੋ ਟਾਇਰਸ ਬਣਿਆ ਭਾਰਤੀ ਕ੍ਰਿਕਟ ਟੀਮ ਦਾ ਨਵਾਂ ਸਪਾਂਸਰ




**ਨਵੀਂ ਦਿਲੀ।** ਭਾਰਤੀ ਕ੍ਰਿਕਟ ਕੰਟਰੋਲ ਬੋਰਡ ਵੱਲੋਂ ਨਵੇਂ ਟਾਈਟਲ ਸਪਾਂਸਰ ਦੀ ਭਾਲ ਖਤਮ ਹੋ ਗਈ ਹੈ। ਰਿਪੋਰਟਾਂ ਮੁਤਾਬਕ ਟੀਮ ਇੰਡੀਆ ਆਪਣੀ ਜਰਸੀ 'ਤੇ ਅਪੋਲੋ ਟਾਇਰਸ ਦੇ ਨਾਮ ਨਾਲ ਖੇਡਦੀ ਨਜ਼ਰ ਆਵੇਗੀ। ਭਾਰਤੀ ਕ੍ਰਿਕਟ ਕੰਟਰੋਲ ਬੋਰਡ ਅਤੇ ਕੰਪਨੀ ਵਿਚਕਾਰ ਸੌਦਾ ਹੋ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਅਪੋਲੋ ਟਾਇਰਸ ਕੰਪਨੀ ਹਰ ਮੈਚ ਲਈ BCCI ਨੂੰ 4.5 ਕਰੋੜ ਰੁਪਏ ਦਾ ਭੁਗਤਾਨ ਕਰੇਗੀ। ਤਿੰਨ ਸਾਲ ਲਈ ਕੁੱਲ 579 ਕਰੋੜ ਰੁਪਏ ਦਾ ਸੌਦਾ ਹੋਇਆ ਹੈ। ਜ਼ਿਕਰਯੋਗ ਹੈ ਕਿ ਆਨਲਾਈਨ ਗੇਮਿੰਗ ਬਿੱਲ 2025 ਦੇ ਪੇਸ਼ ਹੋਣ ਤੋਂ ਬਾਅਦ ਡ੍ਰੀਮ 11 ਅਤੇ BCCI ਵਿਚਕਾਰ ਸਮਝੌਤਾ ਖਤਮ ਹੋ ਗਿਆ ਸੀ। ਇਸ ਤੋਂ ਪਹਿਲਾਂ ਡ੍ਰੀਮ 11 ਟੀਮ ਇੰਡੀਆ ਦੀ ਟਾਈਟਲ ਸਪਾਂਸਰ ਸੀ।

VACANCY
URGENT REQUIREMENT
Company Name - Rk Drafting Hub
Working Place - Office In Nakodar
2 Hiring For
Architecture Draftperson Or Civil Engineer.
Starting Salary Rs. 15000 Per Month.
Exprience Requirement -
Auto Cad (Must Required) Sketch Up
Do not call, only send the CV
on Whatsapp number - 98723 76093
Email: rk_drafting_hub@outlook.com

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਬੀਐਸਐਫ ਨੇ ਜੰਮੂ 'ਚ ਏ.ਕੇ ਰਾਈਫ਼ਲ ਸਣੇ ਹਥਿਆਰ ਅਤੇ ਗੋਲਾ ਬਾਰੂਦ ਕੀਤਾ ਬਰਾਮਦ



**ਜੰਮੂ।** ਸੀਮਾ ਸੁਰੱਖਿਆ ਬਲਾਂ ਨੇ ਮੰਗਲਵਾਰ ਨੂੰ ਜੰਮੂ ਜ਼ਿਲ੍ਹੇ ਦੇ ਬੁੱਧਵਾਰ ਖੇਤਰ ਵਿੱਚ ਤਲਾਸ਼ੀ ਦੌਰਾਨ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਬੀਐਸਐਫ ਪਾਰਟੀ ਦੁਆਰਾ ਕੀਤੀ ਗਈ ਤਲਾਸ਼ੀ ਮੁਹਿੰਮ ਦੌਰਾਨ ਇਲਾਕੇ ਵਿੱਚੋਂ 1 ਏਕੇ-47 ਰਾਈਫਲ ਸਮੇਤ ਇੱਕ ਖਾਲੀ ਏਕੇ-47 ਮੈਗਜ਼ੀਨ ਸਮੇਤ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕੀਤਾ ਗਿਆ। ਅਧਿਕਾਰੀ ਨੇ ਅੱਗੇ ਕਿਹਾ ਕਿ ਹਥਿਆਰ ਬਰਾਮਦ ਹੋਣ ਨਾਲ ਇਲਾਕੇ ਵਿੱਚ ਸੰਭਾਵੀ ਅੱਤਵਾਦੀ ਗਤੀਵਿਧੀਆਂ ਦਾ ਸੰਕੇਤ ਮਿਲਦਾ ਹੈ। ਇਸ ਦੌਰਾਨ ਹੋਰ ਸ਼ੱਕੀ ਸਮੱਗਰੀ ਦੀ ਮੌਜੂਦਗੀ ਨੂੰ ਰੱਦ ਕਰਨ ਲਈ ਖੇਤਰ ਦੀ ਹੋਰ ਸਫਾਈ ਸ਼ੁਰੂ ਕਰ ਦਿੱਤੀ ਗਈ ਹੈ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : **Devinder Chander**
**Mob: 07878 456 484**
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪੰਜਾਬ ’ਚ ਦੋ ਲੱਖ ਏਕੜ ਰਕਬੇ ’ਤੇ ਚੜ੍ਹੀ ਰੇਤ

**ਚੰਡੀਗੜ੍ਹ।** ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ’ਚ ਕਰੀਬ 2.15 ਲੱਖ ਏਕੜ ਰਕਬੇ ’ਚ ਰੇਤ ਚੜ੍ਹ ਗਈ ਹੈ ਜਿਸ ਨੂੰ ਹਟਾਉਣ ਲਈ 151.19 ਕਰੋੜ ਰੁਪਏ ਦਾ ਪ੍ਰਾਜੈਕਟ ਤਿਆਰ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ ਖੇਤਾਂ ’ਚੋਂ ਰੇਤ ਹਟਾਉਣ ਲਈ ਕੌਮੀ ਕ੍ਰਿਸ਼ੀ ਵਿਕਾਸ ਯੋਜਨਾ ਤਹਿਤ ਕੇਂਦਰ ਸਰਕਾਰ ਤੋਂ 151.19 ਕਰੋੜ ਰੁਪਏ ਦੇ ਫ਼ੰਡਾਂ ਦੀ ਮੰਗ ਕੀਤੀ ਹੈ। ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਇਸ ਬਾਰੇ ਵਿਸਥਾਰਤ ਪ੍ਰਾਜੈਕਟ ਰਿਪੋਰਟ ਸੌਂਪੀ ਹੈ। ਪੰਜਾਬ ਸਰਕਾਰ ਨੇ ਗੁਰਦ-ਾਸਪੁਰ, ਅੰਮ੍ਰਿਤਸਰ, ਫ਼ਿਰੋਜ਼ਪੁਰ, ਫ਼ਾਜ਼ਿਲਕਾ, ਤਰਨ ਤਾਰਨ ਅਤੇ ਪਠਾਨਕੋਟ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਾਂ ’ਚ ਇੱਕ ਤੋਂ ਤਿੰਨ ਫੁੱਟ ਰੇਤ ਜਮ੍ਹਾਂ ਹੋਣ ਦੀ ਗੱਲ ਕਹੀ ਹੈ। ਖੇਤੀ ਵਿਭਾਗ ਪੰਜਾਬ ਅਨੁਸਾਰ ਪ੍ਰਤੀ ਏਕੜ ’ਚੋਂ ਰੇਤ ਹਟਾਉਣ ’ਤੇ ਔਸਤਨ ਸੱਤ ਹਜ਼ਾਰ ਰੁਪਏ ਦਾ ਖਰਚਾ ਆਵੇਗਾ ਅਤੇ ਹੜ੍ਹਾਂ ਦੇ ਭੰਨੇ ਕਿਸਾਨਾਂ ਲਈ ਇਹ ਲਾਗਤ ਖਰਚਾ ਚੁੱਕਣਾ ਔਖਾ ਹੈ। ਸੂਬਾ ਸਰਕਾਰ ਹਾੜ੍ਹੀ ਦੀ ਫ਼ਸਲ ਦੀ ਬਿਜਾਈ ਲਈ ਖੇਤਾਂ ਨੂੰ ਤਿਆਰ ਕਰਨ ਵਾਸਤੇ ਜੁਟੀ ਹੈ। ਰਿਪੋਰਟ ਅਨੁਸਾਰ ਅੰਮ੍ਰਿਤਸਰ ਜ਼ਿਲ੍ਹੇ ’ਚ 51,067 ਏਕੜ, ਤਰਨ ਤਾਰਨ ’ਚ 23,150 ਏਕੜ, ਗੁਰਦਾਸਪੁਰ ਜ਼ਿਲ੍ਹੇ ’ਚ 73,424 ਏਕੜ, ਪਠਾਨਕੋਟ ’ਚ 5939 ਏਕੜ, ਫ਼ਾਜ਼ਿਲਕਾ ’ਚ 31,019 ਏਕੜ ਅਤੇ ਫ਼ਿਰੋਜ਼ਪੁਰ ’ਚ 31,372 ਏਕੜ ਰਕਬੇ ਵਿੱਚ ਰੇਤ ਚੜ੍ਹ



ਚੁੱਕੀ ਹੈ। ਖੇਤਾਂ ਨੂੰ ਮੁੜ ਬਿਜਾਈ ਦੇ ਯੋਗ ਬਣਾਉਣ ਲਈ ਕੇਂਦਰੀ ਮਦਦ ਦਾ ਤਰਕ ਦਿੱਤਾ ਗਿਆ ਹੈ।

ਖੇਤੀ ਮੰਤਰੀ ਖੁੱਡੀਆਂ ਨੇ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਚੌਹਾਨ ਤੋਂ ਮੰਗ ਕੀਤੀ ਹੈ ਕਿ ਪੰਜਾਬ ’ਚ ਹੜ੍ਹਾਂ ਦੀ ਮਾਰ ਦੇ ਮੱਦੇਨਜ਼ਰ ਕੌਮੀ ਕ੍ਰਿਸ਼ੀ ਵਿਕਾਸ ਯੋਜਨਾ ਤਹਿਤ ਵਾਧੂ ਫ਼ੰਡ ਮੁਹੱਈਆ ਕਰਾਏ ਜਾਣ ਜਿਸ ਨਾਲ ਜਿੱਥੇ ਕਿਸਾਨਾਂ ਦੀ ਮਦਦ ਹੋਵੇਗੀ, ਉੱਥੇ ਪੰਜਾਬ ਦੇ ਖੇਤੀ ਅਰਥਚਾਰੇ ਨੂੰ ਠੁੰਮ੍ਹਣਾ ਮਿਲੇਗਾ। ਪੰਜਾਬ ਸਰਕਾਰ ਨੇ ਦਲੀਲ ਦਿੱਤੀ ਹੈ ਕਿ ਫ਼ਸਲਾਂ ਦੀ ਬਿਜਾਂਦ ਹੋਣ ਨਾਲ ਕੌਮਾਂਤਰੀ ਸਰਹੱਦ ’ਤੇ ਨਜ਼ਰਸਾਨੀ ਵੀ ਰਹਿੰਦੀ ਹੈ ਕਿਉਂਕਿ ਕਿਸਾਨ ਦੇਸ਼ ਦੀ ਰੱਖਿਆ ਲਈ ਸੈਕਿੰਡ ਲਾਈਨ ਦੀ ਕੜੀ ਵਜੋਂ ਕੰਮ ਕਰਦੇ ਹਨ। ਸਰਹੱਦੀ ਜ਼ਿਲ੍ਹਿਆਂ ਦੇ ਬਹੁਤੇ ਖੇਤਾਂ ’ਚ ਪੰਜ ਫੁੱਟ ਤੱਕ ਰੇਤ ਚੜ੍ਹ ਗਈ ਹੈ।


ਇਸੇ ਤਰ੍ਹਾਂ ਪੰਜਾਬ ’ਚ ਹੜ੍ਹ ਪ੍ਰਭਾਵਿਤ ਖੇਤਾਂ ਵਾਸਤੇ 637 ਕੁਇੰਟਲ ਮਸਟਰਡ ਸੀਡ ਦੀ ਮੰਗ ਰੱਖੀ ਗਈ ਹੈ। ਕੇਂਦਰ ਨੂੰ ਲਿਖੇ ਪੱਤਰ ’ਚ ਪੰਜਾਬ ਸਰਕਾਰ ਨੇ ਕਿਹਾ ਹੈ ਕਿ ਨੈਸ਼ਨਲ ਫੂਡ ਸਕਿਉਰਿਟੀ ਨਿਊਟ੍ਰੀਸ਼ਨ ਮਿਸ਼ਨ ਸਕੀਮ ਤਹਿਤ ਪੰਜਾਬ ਨੂੰ ਬੀਜ ਵਾਸਤੇ ਸਾਲ 2019 ਤੋਂ ਕੋਈ ਫ਼ੰਡ ਨਹੀਂ ਦਿੱਤਾ ਗਿਆ ਹੈ। ਇਸ ਮਿਸ਼ਨ ਤਹਿਤ ਪੰਜਾਬ ਨੇ 642 ਕੁਇੰਟਲ ਕਣਕ ਦਾ ਅਤੇ 375 ਕੁਇੰਟਲ ਛੋਲਿਆਂ ਦੇ ਬੀਜ ਦੀਆਂ ਕਿੱਟਾਂ ਦਿੱਤੇ ਜਾਣ ਦੀ ਮੰਗ ਰੱਖੀ ਹੈ। ਇਸ ਲਈ 25 ਕਰੋੜ ਰੁਪਏ ਵੱਖਰੇ ਮੰਗੇ ਗਏ ਹਨ।

ਕਣਕ ਦੇ ਬੀਜ ਲਈ 80 ਕਰੋੜ ਰੁਪਏ ਦੀ ਮੰਗ

ਸੂਬਾ ਸਰਕਾਰ ਨੇ ਕੇਂਦਰੀ ਖੇਤੀ ਮੰਤਰੀ ਤੋਂ ਸਰਹੱਦੀ ਜ਼ਿਲ੍ਹਿਆਂ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਕਿਸਾਨਾਂ ਲਈ ਕਣਕ ਦਾ ਮੁਫ਼ਤ ਬੀਜ ਦੇਣ ਵਾਸਤੇ 80 ਕਰੋੜ ਦੀ ਵਿੱਤੀ ਮਦਦ ਮੰਗੀ ਹੈ। ਪੰਜਾਬ ਵਿੱਚ ਕਰੀਬ 35 ਲੱਖ ਹੈਕਟੇਅਰ ਰਕਬੇ ਵਿਚ ਕਣਕ ਦੀ ਬਿਜਾਂਦ ਹੁੰਦੀ ਹੈ ਜਿਸ ਵਾਸਤੇ 35 ਲੱਖ ਕੁਇੰਟਲ ਬੀਜ ਦੀ ਸਾਲਾਨਾ ਲੋੜ ਹੈ। ਕੇਂਦਰੀ ਨੇਮਾਂ ਅਨੁਸਾਰ ਹਰ ਵਰ੍ਹੇ ਬਦਲਾਓ ਲਈ 33 ਫ਼ੀਸਦੀ ਸਰਟੀਫਿਕੇਟ ਬੀਜਾਂ ਦੀ ਲੋੜ ਹੁੰਦੀ ਹੈ। ਇਹ ਮੰਗ ਵੀ ਕੀਤੀ ਗਈ ਹੈ ਕਿ ਪੰਜ ਲੱਖ ਏਕੜ ਰਕਬੇ ਲਈ ਦੋ ਲੱਖ ਕੁਇੰਟਲ ਮੁਫ਼ਤ ’ਚ ਸਰਟੀਫਾਈਡ ਬੀਜ ਦਿੱਤਾ ਜਾਵੇ। ਪ੍ਰਤੀ ਏਕੜ ਚਾਰ ਹਜ਼ਾਰ ਰੁਪਏ ਦਾ ਖਰਚਾ ਬੀਜ ’ਤੇ ਆਉਣ ਦੀ ਸੰਭਾਵਨਾ ਹੈ।

## ਬਠਿੰਡਾ ਅਦਾਲਤ ਵੱਲੋਂ ਕੰਗਨਾ ਰਣੌਤ ਮੁੜ ਤਲਬ

**ਚੰਡੀਗੜ੍ਹ।** ਬਠਿੰਡਾ ਦੀ ਅਦਾਲਤ ਨੇ ਮਾਣਹਾਨੀ ਮਾਮਲੇ ਵਿੱਚ ਭਾਜਪਾ ਸੰਸਦ ਮੈਂਬਰ ਤੇ ਅਦਾਕਾਰਾ ਕੰਗਨਾ ਰਣੌਤ ਨੂੰ ਮੁੜ ਤਲਬ ਕੀਤਾ ਹੈ। ਅਗਲੀ ਸੁਣਵਾਈ 29 ਸਤੰਬਰ ਨੂੰ ਹੋਣੀ ਹੈ ਅਤੇ ਇਸ ਮੌਕੇ ਕੰਗਨਾ ਨੂੰ ਅਦਾਲਤ ਵਿੱਚ ਪੇਸ਼ ਹੋਣਾ ਹੋਵੇਗਾ। ਅਦਾਕਾਰਾ ਇਸ ਤੋਂ ਪਹਿਲਾਂ ਅਦਾਲਤ ’ਚ ਪੇਸ਼ ਹੋਣ ਤੋਂ ਟਾਲ਼ਾ ਵਟਦੀ ਆ ਰਹੀ ਹੈ ਕਿਉਂਕਿ ਉਸ ਵੱਲੋਂ ਮਾਣਹਾਨੀ ਮਾਮਲੇ ਨੂੰ ਉੱਚ ਅਦਾਲਤ ’ਚ ਚੁਣੌਤੀ ਦਿੱਤੀ ਗਈ ਸੀ। ਸੁਪਰੀਮ ਕੋਰਟ ਵੱਲੋਂ 12 ਸਤੰਬਰ ਨੂੰ ਭਾਜਪਾ ਸੰਸਦ ਮੈਂਬਰ ਦੀ ਪਟੀਸ਼ਨ ’ਤੇ ਸੁਣਨ ਤੋਂ ਇਨਕਾਰ ਕੀਤੇ ਜਾਣ ਮਗਰੋਂ ਬਠਿੰਡਾ ’ਚ ਜੁਡੀਸ਼ੀਅਲ ਮੈਜਿਸਟਰੇਟ (ਫ਼ਸਟ ਕਲਾਸ) ਦੀ ਅਦਾਲਤ ਵਿਚ ਮੁੜ ਕੇਸ ਸ਼ੁਰੂ ਹੋਣ ਲਈ ਰਾਹ ਪੱਧਰਾ ਹੋ ਗਿਆ। ਇਸ ਤੋਂ ਪਹਿਲਾਂ ਕੰਗਨਾ ਦੀ ਪਟੀਸ਼ਨ ਪਹਿਲੀ ਅਗਸਤ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰੱਦ ਕਰ ਦਿੱਤੀ ਸੀ। ਦੱਸਣਯੋਗ ਹੈ ਕਿ ਸਾਲ



2020 ਵਿੱਚ ਕੇਂਦਰ ਸਰਕਾਰ ਖ਼ਿਲਾਫ਼ ਤਿੰਨ ਖੇਤੀ ਸੋਧ ਕਾਨੂੰਨਾਂ (ਹੁਣ ਰੱਦ ਹਨ) ਖ਼ਿਲਾਫ਼ ਕਿਸਾਨ ਅੰਦੋਲਨ ਵਿੱਚ ਬਠਿੰਡਾ ਦੇ ਪਿੰਡ ਬਹਾਦਰਗੜ੍ਹ ਜੰਡੀਆਂ ਦੀ ਬਿਰਧ ਮਾਈ ਮਹਿੰਦਰ ਕੌਰ ਨੇ ਵੀ ਹਿੱਸਾ ਲਿਆ ਸੀ। ਇਸ ਦੌਰਾਨ ਕੰਗਨਾ ਨੇ ਇਸ ਬਿਰਧ ਮਾਈ ਬਾਰੇ ਟਿੱਪਣੀ ਕਰਦਿਆਂ ਉਸਨੂੰ ਭਾੜੇ ਦੀ ਔਰਤ ਦੱਸਿਆ ਸੀ। ਬਿਰਧ ਮਹਿੰਦਰ ਕੌਰ ਨੇ 5 ਜਨਵਰੀ 2021 ਨੂੰ ਕੰਗਨਾ ਖ਼ਿਲਾਫ਼ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਹੁਣ ਪੰਜਾਬ 'ਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਲਈ ਲੋਕ ਉਤਾਵਲੇ - ਭਜਨ ਲਾਲ ਜਾਟਵ



**ਕਪੂਰਥਲਾ( ਕੌੜਾ )** ਹੁਣ ਪੰਜਾਬ ਵਿਚ 2027 ਦੀਆਂ ਆ ਰਹੀਆਂ ਵਿਧਾਨ ਸਭਾ ਦੌਰਾਨ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਲਈ ਲੋਕ ਉਤਾਵਲੇ ਹਨ । ਇਹ ਵਿਚਾਰ ਸੰਸਦ ਮੈਂਬਰ ਤੇ ਕਾਂਗਰਸ ਪਾਰਟੀ ਦੇ ਜਿਲਾ ਕਪੂਰਥਲਾ ਦੇ ਅਬਜਰਵਰ ਭਜਨ ਲਾਲ ਜਾਟਵ ਨੇ ਅੱਜ ਸ਼ਾਮ ਕਾਂਗਰਸ ਪਾਰਟੀ ਦੇ ਹਲਕਾ ਸੁਲਤਾਨਪੁਰ ਲੋਧੀ ਦੇ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਦੀ ਅਗਵਾਈ ਹੇਠ ਹਲਕਾ ਸੁਲਤਾਨਪੁਰ ਲੋਧੀ ਦੇ ਪਾਰਟੀ ਵਰਕਰਾਂ ਨਾਲ ਮੀਟਿੰਗ ਨੂੰ ਸੰਬੋਧਨ ਕਰਦੇ ਪ੍ਰਗਟਾਏ । ਉਨ੍ਹਾਂ ਕਿਹਾ ਕਿ ਆਲ ਇੰਡੀਆ ਕਾਂਗਰਸ ਕਮੇਟੀ ਦੀਆਂ ਹਿਦਾਇਤਾਂ ਤੇ ਸੰਗਠਨ ਸਿਰਜਣ ਮਹਿਮ ਤਹਿਤ ਪਾਰਟੀ ਨੂੰ ਜਿਲਾ ਪੱਧਰ ਤੇ ਮਜਬੂਤ ਕਰਕੇ ਵਧੇਰੇ ਸ਼ਕਤੀਆਂ ਦਿੱਤੀਆਂ ਜਾਣਗੀਆਂ। ਉਹਨਾਂ ਦੱਸਿਆ ਕਿ ਇਸ ਦੇ ਲਈ ਆਮ ਜਨਤਾ, ਪਾਰਟੀ ਨੇਤਾਵਾਂ, ਡੈਲੀਗੇਟਾਂ ਅਤੇ ਅਹੁਦੇਦਾਰਾਂ ਨਾਲ ਗੱਲਬਾਤ ਕਰਕੇ ਕਿ ਜਿਲੇ ਅੰਦਰ ਪਾਰਟੀ ਨੂੰ ਕਿਸ ਤਰ੍ਹਾਂ ਮਜਬੂਤ ਕੀਤਾ ਜਾ ਸਕਦਾ ਹੈ, ਉਪਰੰਤ ਫੈਸਲਾ ਲਿਆ ਜਾਵੇਗਾ। ਉਹਨਾਂ ਪਾਰਟੀ ਵਰਕਰਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਉਨਾਂ ਨੂੰ ਭਰੋਸਾ ਦਵਾਇਆ ਕਿ ਕਾਂਗਰਸ ਪਾਰਟੀ ਵਿੱਚ ਉਹਨਾਂ ਨੂੰ ਮਾਨ ਸਤਿਕਾਰ ਦਿੱਤਾ ਜਾਵੇਗਾ। ਉਹਨਾਂ ਇਹ ਵੀ ਕਿਹਾ ਕਿ ਵਰਕਰ ਹੀ ਹਰ ਇਕ ਪਾਰਟੀ ਦੀ ਰੀੜ ਦੀ ਹੱਡੀ ਹੁੰਦੇ ਹਨ। ਇਸ ਮੌਕੇ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਵੱਲੋਂ ਸੰਸਦ ਮੈਂਬਰ ਭਜਨ ਲਾਲ ਜਾਟਵ, ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ ਬਲਵਿੰਦਰ ਸਿੰਘ ਧਾਰੀਵਾਲ ਵਿਧਾਇਕ ਫਗਵਾੜਾ, ਬਾਵਾ ਹੈਨਰੀ ਵਿਧਾਇਕ ਜਲੰਧਰ ਆਦਿ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਸੰਸਦ ਮੈਂਬਰ ਭਜਨ ਲਾਲ ਜਾਟਵ ਅਤੇ ਸਮੂਹ ਮਹਿਮਾਨਾਂ ਨੂੰ ਜੀ ਆਇਆਂ ਆਖਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਪ੍ਰੀਤ ਸਿੰਘ ਫੌਜੀ ਕਲੋਨੀ ਸੀਨੀਅਰ ਕਾਂਗਰਸੀ ਆਗੂ, ਬਲਾਕ ਪ੍ਰਧਾਨ ਮੁਖਤਾਰ ਸਿੰਘ ਭਗਤਪੁਰ ਤੇ ਗੁਰਿੰਦਰ ਪਾਲ ਸਿੰਘ ਭੁੱਲਰ, ਨਰਿੰਦਰ ਸਿੰਘ ਪੰਨੂ ਸ਼ਹਿਰੀ ਪ੍ਰਧਾਨ, ਨਗਰ ਕੌਂਸਲ ਦੇ ਸਾਬਕਾ ਮੀਤ ਪ੍ਰਧਾਨ ਜਗਪਾਲ ਸਿੰਘ ਚੀਮਾ, ਨਰਿੰਦਰ ਸਿੰਘ ਜੈਨਪੁਰ ਮੈਂਬਰ ਜ਼ਿਲ੍ਹਾ ਪਰਿਸ਼ਦ, ਡਾਕਟਰ ਨਰਿੰਦਰ ਸਿੰਘ ਗਿੱਲ ਸਾਬਕਾ ਸਰਪੰਚ, ਯੂਥ ਆਗੂ ਮੋਨੂੰ ਭੰਡਾਰੀ, ਯੂਥ ਆਗੂ ਜਸਕਰਨ ਸਿੰਘ ਚੀਮਾ, ਸੀਨੀਅਰ ਆਗੂ ਕੁਲਬੀਰ ਸਿੰਘ ਮੀਰੇ, ਸਾਬਕਾ ਜਿਲਾ ਪ੍ਰਧਾਨ ਰਮੇਸ਼ ਡਡਵਿੰਡੀ, ਦਲਬੀਰ ਸਿੰਘ ਚੀਮਾ, ਤਰਲੋਕ ਸਿੰਘ ਬੂਹ, ਬਲਜਿੰਦਰ ਸਿੰਘ ਪੀਏ, ਐਡਵੋਕੇਟ ਜਰਨੈਲ ਸਿੰਘ ਸੰਧਾ ਪ੍ਰਧਾਨ ਬਾਰ ਐਸੋਸੀਏਸ਼ਨ, ਨਵ ਸੇਖੋ ਯੂਥ ਕੋਆਰਡੀਨੇਟਰ ਦੁਆਬਾ ਜੋਨ, ਕਿਸਾਨ ਆਗੂ ਅਮਰ ਸਿੰਘ ਮੰਡ, ਬਲਵੰਤ ਸਿੰਘ ਸੁੱਖਾ ਬੂਲੇ, ਪਰਮਿੰਦਰ ਸਿੰਘ ਸਾਬਕਾ ਸਰਪੰਚ ਰਾਮਪੁਰ ਜਗੀਰ, ਕੁਲਦੀਪ ਸਿੰਘ ਸਰੂਪਵਾਲ, ਠੇਕੇਦਾਰ ਹਰਨੇਕ ਸਿੰਘ ਵਿਰਦੀ, ਗੁਰਮੇਲ ਸਿੰਘ ਚਾਹਲ,ਨੰਬਰਦਾਰ ਗੁਰਵਿੰਦਰ ਸਿੰਘ ਉੱਚਾ, ਸੰਮਤੀ ਮੈਂਬਰ ਬਲਦੇਵ ਸਿੰਘ ਰੰਗੀਲਪੁਰ ਤੇ ਇੰਦਰਜੀਤ ਸਿੰਘ ਲਿਫਟਰ, ਸਾਬਕਾ ਸਰਪੰਚ ਮਹਿੰਦਰ ਪਾਲ ਸਿੰਘ ਸੋਹੀ, ਨਿਰਮਲ ਸਿੰਘ ਨੰਬਰਦਾਰ ਸ਼ੇਖਮਾਂਗਾ, ਪਰਮਜੀਤ ਸਿੰਘ ਜੱਬੋਵਾਲ, ਬਾਬਾ ਬੂਟਾ ਨਾਥ ਸਵਾਲ, ਹਰਦੀਪ ਸਿੰਘ ਤੇ ਰਣਜੀਤ ਸਿੰਘ ਗੱਟੀ, ਪ੍ਰੀਤਮ ਸਿੰਘ ਆਹਲੀ, ਗੱਜਨ ਸਿੰਘ ਦੇਸਲ, ਸੋਨੂੰ ਅਲੂਵਾਲ, ਸਾਹਿਬ ਸਿੰਘ ਸੁਲਤਾਨਪੁਰ ਰੂਰਲ, ਸੰਤੋਖ ਸਿੰਘ ਸਾਬਕਾ ਸਰਪੰਚ, ਮਨਜੀਤ ਸਿੰਘ ਨੰਬਰਦਾਰ ਪਰਮਜੀਤਪੁਰ, ਬਲਕਾਰ ਸਿੰਘ ਪੱਪੂ, ਰਕੇਸ਼ ਕੁਮਾਰ ਰੌਕੀ, ਬਲਦੇਵ ਸਿੰਘ ਦੇਬੂ, ਸੇਠੀ ਤਲਵੰਡੀ, ਭਗਵੰਤ ਸਿੰਘ ਵਿਰਕ ਆਦਿ ਵੀ ਹਾਜ਼ਰ ਸਨ।

# ਪਿੰਡ ਦੱਪਰ ਵਿੱਚ ਬਰਸਾਤੀ ਨੁਕਸਾਨ ਦਾ ਜਾਇਜ਼ਾ ਲੈਣ ਪਹੁੰਚੇ ਭਾਜਪਾ ਸੀਨੀਅਰ ਆਗੂ ਬੰਨੀ ਸੰਧੂ



## ਕੱਚੀਆਂ ਛੱਤਾਂ ਡਿੱਗਣ ਨਾਲ ਪਰਿਵਾਰ ਬੇਘਰ, ਬੰਨੀ ਸੰਧੂ ਨੇ ਦਿੱਤਾ ਸਹਾਇਤਾ ਦਾ ਆਸਵਾਸਨ

**ਲਾਲੜੂ, ( ਸੰਜੀਵ ਸਿੰਘ ਸੈਣੀ)** ਭਾਜਪਾ ਦੇ ਸੀਨੀਅਰ ਆਗੂ ਮਨਪ੍ਰੀਤ ਸਿੰਘ ਬੰਨੀ ਸੰਧੂ ਅੱਜ ਪਿੰਡ ਦੱਪਰ ਵਿੱਚ ਪਹੁੰਚੇ, ਜਿੱਥੇ ਹਾਲ ਹੀ ਦੀਆਂ ਭਾਰੀ ਬਰਸਾਤਾਂ ਕਾਰਨ ਕਈ ਘਰਾਂ ਨੂੰ ਨੁਕਸਾਨ ਪਹੁੰਚਿਆ। ਪਿੰਡ ਦੇ ਵਸਨੀਕਾਂ ਨੇ ਕੱਚੀਆਂ ਛੱਤਾਂ ਡਿੱਗਣ ਨਾਲ ਪਰਿਵਾਰ ਬੇਘਰ, ਬੰਨੀ ਸੰਧੂ ਨੇ ਦਿੱਤਾ ਸਹਾਇਤਾ ਦਾ ਆਸਵਾਸਨ ਦੱਸਿਆ ਕਿ ਕੱਚੀਆਂ ਛੱਤਾਂ ਢਹਿ ਜਾਣ ਕਾਰਨ ਘਰਾਂ ਦੀਆਂ ਕੰਧਾਂ ਨੂੰ ਵੀ ਨੁਕਸਾਨ ਹੋਇਆ ਹੈ ਤੇ ਘਰੇਲੂ ਸਾਮਾਨ ਤਬਾਹ ਹੋ ਗਿਆ। ਇਸ ਕਾਰਨ ਕਈ ਪਰਿਵਾਰ ਬੇਘਰ ਹੋ ਗਏ ਹਨ ਅਤੇ ਵੱਡੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਇਸ ਮੌਕੇ ਬੰਨੀ ਸੰਧੂ ਨੇ ਪਿੰਡ ਵਾਸੀਆਂ ਨਾਲ ਮਿਲਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ। ਉਨ੍ਹਾਂ ਨੇ ਤੁਰੰਤ ਮੌਕੇ ਦੇ ਸੰਬੰਧਿਤ ਅਧਿਕਾਰੀਆਂ ਨੂੰ ਫ਼ੋਨ ਰਾਹੀਂ ਸੂਚਿਤ ਕਰਦੇ ਹੋਏ ਹਦਾਇਤ ਦਿੱਤੀ ਕਿ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਯੋਜਨਾਵਾਂ ਦਾ ਲਾਭ ਇਹਨਾਂ ਪੀੜਤ ਪਰਿਵਾਰਾਂ ਤੱਕ ਪਹੁੰਚਾਇਆ ਜਾਵੇ, ਤਾਂ ਜੋ ਉਹ ਜ਼ਲਦੀ ਰਾਹਤ ਮਹਿਸੂਸ ਕਰ ਸਕਣ। ਬੰਨੀ ਸੰਧੂ ਨੇ ਪਿੰਡ ਵਾਸੀਆਂ ਨੂੰ ਨਿਜੀ ਤੌਰ 'ਤੇ ਵੀ ਪੂਰਾ ਆਸਵਾਸਨ ਦਿੱਤਾ ਕਿ ਭਾਜਪਾ ਸਰਕਾਰ ਵੱਲੋਂ ਜੋ ਵੀ ਸੰਭਵ ਮਦਦ ਕੀਤੀ ਜਾ ਸਕਦੀ ਹੈ ਉਹ ਉਹਨਾਂ ਨੂੰ ਮਿਲੇਗੀ। ਨਾਲ ਹੀ ਉਨ੍ਹਾਂ ਨੇ ਕਿਹਾ ਕਿ ਉਹ ਖ਼ੁਦ ਵੀ ਆਪਣੀ ਨਿੱਜੀ ਪੱਧਰ 'ਤੇ ਪੀੜਤ ਪਰਿਵਾਰਾਂ ਦੀ ਹਰੇਕ ਸੰਭਵ ਸਹਾਇਤਾ ਕਰਨਗੇ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਭਾਜਪਾ ਹਮੇਸ਼ਾਂ ਲੋਕਾਂ ਦੇ ਸੁੱਖ-ਦੁੱਖ ਵਿੱਚ ਨਾਲ ਖੜ੍ਹੀ ਰਹੀ ਹੈ ਅਤੇ ਅੱਗੇ ਵੀ ਰਹੇਗੀ। ਬਰਸਾਤਾਂ ਕਾਰਨ ਹੋਏ ਨੁਕਸਾਨ ਦੀ ਸਰਕਾਰੀ ਪੱਧਰ 'ਤੇ ਜਾਂਚ ਕਰਵਾਈ ਜਾਵੇਗੀ ਅਤੇ ਯੋਗ ਪਰਿਵਾਰਾਂ ਨੂੰ ਰਾਹਤ ਰਕਮ ਜਲਦ ਮੁਹੱਈਆ ਕਰਵਾਈ ਜਾਵੇਗੀ।

# ਰਗਬੀ ਅੰਡਰ 19 ਲੜਕੀਆਂ ਦੇ ਸਟੇਟ ਪੱਧਰੀ ਖੇਡ ਮੁਕਾਬਲਿਆਂ ਵਿੱਚ ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਦੀਆਂ ਲੜਕੀਆਂ ਦੀ ਹੋਈ ਚੋਣ





**ਸੰਦੀਪ ਸਿੰਘ 'ਬਖੋਪੀਰ ' ( ਸਮਾਜ ਵੀਕਲੀ)** ਸਕੂਲ ਦੇ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਦਿਨੀਂ ਸਕੂਲ ਦੀ ਅੰਡਰ 19 ਲੜਕੀਆਂ ਦੀ ਰਗਬੀ ਖੇਡ ਦੀ ਟੀਮ ਬਨਬੋਰੀ (ਮਰੇਲਕੋਟਲਾ) ਵਿਖੇ ਜ਼ਿਲ੍ਹਾ ਪੱਧਰੀ ਮੁਕਾਬਲਾ ਖੇਡਣ ਲਈ ਗਈ ਅਤੇ ਚੰਗੀ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਸਕੂਲ ਦੀਆਂ ਲੜਕੀਆਂ ਨੇ ਜ਼ਿਲ੍ਹੇ ਵਿੱਚੋਂ ਤੀਸਰਾ ਸਥਾਨ ਹਾਸਿਲ ਕਰਕੇ ਆਪਣੇ ਮਾਪਿਆਂ ਦਾ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ, ਇਸ ਟੀਮ ਦੀਆਂ ਤਿੰਨ ਲੜਕੀਆਂ ਖੁਸ਼ਪ੍ਰੀਤ ਕੌਰ, ਹਰਪ੍ਰੀਤ ਕੌਰ, ਜਸ਼ਨਦੀਪ ਕੌਰ, ਸਟੇਟ ਪੱਧਰੀ ਮੁਕਾਬਲਿਆਂ ਲਈ ਚੁਣੀਆਂ ਗਈਆਂ ਸਕੂਲ ਪਹੁੰਚਣ ਤੇ ਸਕੂਲੀ ਵਿਦਿਆਰਥੀਆਂ ਨੂੰ ਸਕੂਲ ਚੇਅਰਮੈਨ ਬਾਬਾ ਕਿਰਪਾਲ ਸਿੰਘ ਜੀ, ਮੈਨੇਜਰ ਸਰਦਾਰ ਸਰਬਜੀਤ ਸਿੰਘ ਜੀ, ਮੈਨੇਜਰ ਡਾਇਰੈਕਟਰ ਡਾ: ਗੁਰਮੀਤ ਸਿੰਘ ਜੀ ਵੱਲੋਂ ਸ਼ੁਭਕਾਮਨਾਮਾ ਭੇਟ ਕੀਤੀਆਂ ਗਈਆਂ ਅਤੇ ਮਿਹਨਤੀ ਡੀ.ਪੀ ਅਧਿਆਪਕ ਅਵਤਾਰ ਸਿੰਘ ਅਤੇ ਮੈਡਮ ਮਨਪ੍ਰੀਤ ਕੌਰ ਦੀ ਇਸ ਟੀਮ ਦੀ ਅਗਵਾਈ ਕਰਨ ਤੇ ਵਿਸ਼ੇਸ਼ ਸਰਾਹਣਾ ਕੀਤੀ ਗਈ। ਮੌਕੇ ਉੱਤੇ ਕੋਆਰਡੀਨੇਟਰ ਮੈਡਮ ਬਲਜੀਤ ਕੌਰ ਪੰਜਾਬੀ ਅਧਿਆਪਕ ਸੰਦੀਪ ਸਿੰਘ ਆਦਿ ਮੌਜੂਦ ਸਨ।

# ਭਾਈ ਮੇਹਰ ਚੰਦ ਜੀ ਦਾ ਸ਼ਰਾਧ ਮੇਲਾ ਅੱਜ ਤੋਂ ਸ਼ੁਰੂ





**ਫਿਲੌਰ/ਅੱਪਰਾ, (ਦੀਪਾ)**-ਜੈ ਭਾਈ ਮੇਹਰ ਚੰਦ ਜੀ ਦਾ ਸ਼ਰਾਧ ਮੇਲਾ ਅੱਜ 16 ਸਤੰਬਰ ਤੋਂ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਸ਼ੂਰ ਹੋ ਗਿਆ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਰੋਪਨ ਘਈ, ਸ੍ਰੀ ਅਨਿਲ ਘਈ, ਡਾ. ਵਿਕਾਸ਼ ਸ਼ਰਮਾ, ਸ੍ਰੀ ਰਿੰਕੂ ਖੋਸਲਾ, ਸ੍ਰੀ ਨਵਲ ਬਿੱਠਲ, ਸ੍ਰੀ ਵਿਨੈ ਖੋਸਲਾ, ਸ੍ਰੀ ਗੌਤਮ ਮਰਵਾਹਾ, ਪ੍ਰਬੰਧਕ ਕਮੇਟੀ ਭਾਈ ਮੇਹਰ ਚੰਦ ਮੰਦਿਰ, ਭਾਈ ਮੇਹਰ ਚੰਦ ਵੈੱਲਫੇਅਰ ਕਮੇਟੀ, ਅੱਪਰਾ ਡਿਵੈੱਲਪਮੈਂਟ ਕਮੇਟੀ, ਗ੍ਰਾਮ ਪੰਚਾਇਤ ਤੇ ਸਮੂਹ ਨਗਰ ਨਿਵਾਸੀਆਂ ਨੇ ਦੱਸਿਆ ਕਿ ਅੱਜ ਮਿਤੀ 16 ਸਤੰਬਰ ਦਿਨ ਮੰਗਲਵਾਰ ਨੂੰ ਹਵਨ ਸਵੇਰੇ 7 ਵਜੇ ਕਰਵਾਇਆ ਗਿਆ ਤੇ ਪੂਰੇ ਵਿਸ਼ਵ ਵਿੱਚ ਅਮਨ ਸ਼ਾਂਤੀ ਤੇ ਸਦਭਾਵਨਾ ਲਈ ਅਰਦਾਸ ਕੀਤੀ ਗਈ। ਸਮੂਹ ਮੋਹਤਬਰਾਂ ਨੇ ਦੱਸਿਆ ਕਿ ਅੱਜ ਮਿਤੀ 17 ਮਈ ਦਿਨ ਬੁੱਧਵਾਰ ਨੂੰ ਸਵੇਰੇ 4-30 ਵਜੇ ਪ੍ਰਭਾਤ ਫੇਰੀ ਕੱਢੀ ਜਾਵੇਗੀ, ਆਰੰਭ ਸ੍ਰੀ ਰਮਾਇਣ ਪਾਠ 9-30 ਵਜੇ ਨਵੇਂ ਮੰਦਿਰ ਹਾਲ ਬਾਈ ਮੇਹਰ ਚੰਦ 'ਚ ਹੋਵੇਗਾ । ਲੰਗਰ ਦੁਪਿਹਰ 12 ਵਜੇ, ਕੀਰਤ ਕੀਰਤਨ ਸ਼ਾਮ 3 ਵਜੇ ਹੋਵ-ਗਾ ਤੇ ਭਾਈ ਮੇਹਰ ਚੰਦ ਦੀ ਚੌਂਕੀ ਰਾਤ 8 ਵਜੇ ਤਾਰਾ ਚੰਦ ਐਂਡ ਪਾਰਟੀ ਲੁਧਿਆਣਾ ਵਾਲੇ ਲਗਾਉਣਗੇ । ਮਿਤੀ 18 ਸਤੰਬਰ ਦਿਨ ਵੀਰਵਾਰ ਨੂੰ ਚਾਹ ਪਕੌੜਿਆਂ ਦਾ ਲੰਗਰ ਸਵੇਰੇ 6-30 ਵਜੇ ਹੋਵੇਗਾ, ਭੋਗ ਸ੍ਰੀ ਰਮਾਇਣ ਪਾਠ 10-30 ਵਜੇ ਸ਼ੁਰੂ ਹੋਵੇਗਾ, ਲੰਗਰ 12 ਵਜੇ ਤੇ ਝੰਡੇ ਦੀ ਰਸਮ 3-30 ਵਜੇ ਪੂਰੇ ਉਤਸ਼ਾਹ ਨਾਲ ਨਿਭਾਈ ਜਾਵੇਗੀ । ਇਸ ਮੌਕੇ ਵੱਡੀ ਗਿਣਤੀ ਵਿੱਚ ਸੰਤ ਮਹਾਂਪੁਰਸ਼ ਤੇ ਸੰਗਤਾਂ ਵੀ ਹਾਜ਼ਰ ਹੋਣਗੀਆਂ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਕਾਰਡਿਫ ਚ ਕਰਵਾਈ ਗਈ 11ਵੀਂ ਯੂ.ਕੇ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ

**●ਗੱਤਕਾ ਅਖਾੜਿਆਂ ਨੂੰ ਗੱਤਕਾ ਫੈਡਰੇਸ਼ਨ ਯੂ.ਕੇ ਵੱਲੋਂ ਹਜ਼ਾਰ-ਹਜ਼ਾਰ ਪੌਂਡ ਦੀ ਸਹਾਇਤਾ ਰਾਸ਼ੀ ●ਰੂਪ ਕੌਰ, ਨਵਜੋਤ ਸਿੰਘ ਤੇ ਗੁਰਦੀਪ ਸਿੰਘ ਰਹੇ ਜੈਤੂ**

**ਲੈਸਟਰ (ਇੰਗਲੈਂਡ)** (ਸੁਖਜਿੰਦਰ ਸਿੰਘ ਢੱਡੇ) - ਗੱਤਕਾ ਫੈਡਰੇਸ਼ਨ ਯੂ.ਕੇ ਵਲੋਂ ਕਾਰਡਿਫ, ਵੇਲਜ਼ ਵਿਖੇ 11ਵੀ ਗੱਤਕਾ ਚੈਂਪੀਅਨਸ਼ਿਪ ਕਰਵਾਈ ਗਈ।

ਇਸ ਚੈਂਪੀਅਨਸ਼ਿਪ ਵਿੱਚ ਸੱਤ ਪ੍ਰਮੁੱਖ ਗੱਤਕਾ ਅਖਾੜਿਆਂ ਦੇ ਖਿਡਾਰੀਆਂ ਦੇ ਦਿਲਖਿੱਚਵੇਂ ਮੁਕਾਬਲੇ ਕਰਵਾਏ ਗਏ ।

ਗਤਕਾ ਫੈਡਰੇਸ਼ਨ ਯੂ.ਕੇ ਦੇ ਪ੍ਰਧਾਨ ਸ ਤਨਮਨਜੀਤ ਸਿੰਘ ਢੇਸੀ ਅਤੇ ਸਾਥੀਆਂ ਦੇ ਉਪਰਾਲੇ ਸਦਕਾ ਵੇਲਜ਼ ਦੇ ਗੁਰਦੁਆਰਾ ਸਾਹਿਬ ਤੇ ਉੱਥੋਂ ਦੀ ਸੰਗਤ ਦੇ ਸਹਿਯੋਗ ਨਾਲ ਆਯੋਜਿਤ ਇਸ ਸਲਾਨਾ ਚੈਂਪੀਅਨਸ਼ਿਪ ਦਾ ਉਦਘਾਟਨ ਵਿਸ਼ਵ ਗੱਤਕਾ ਫੈਡਰੇਸ਼ਨ ਅਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਨੇ ਸਲੋਹ ਹਲਕੇ ਤੋਂ ਸੰਸਦ ਮੈਂਬਰ ਅਤੇ ਗੱਤਕਾ ਫੈਡਰੇਸ਼ਨ ਯੂ.ਕੇ ਦੇ ਪ੍ਰਧਾਨ ਤਨਮਨਜੀਤ ਸਿੰਘ ਢੇਸੀ, ਜਗਬੀਰ ਸਿੰਘ ਜੱਗਾ ਚਕਰ, ਪ੍ਰਧਾਨ ਵੇਲਜ਼ ਕਬੱਡੀ ਕਲੱਬ, ਜਸਪਾਲ ਸਿੰਘ ਢੇਸੀ ਅਤੇ ਕੇਵਲ ਸਿੰਘ ਰੰਧਾਵਾ ਹਵੇਲੀ ਹੋਟਲ, ਪਾਂਟੀਕਲਾਨ ਦੀ ਹਾਜ਼ਰੀ ਵਿੱਚ ਕੀਤਾ ਗਿਆ।

ਨਤੀਜਿਆਂ ਦਾ ਐਲਾਨ ਕਰਦਿਆਂ ਹਾਊਸ ਆਫ਼ ਕਾਮਨਜ਼ ਦੀ ਉਚ ਤਾਕਤੀ ਰੱਖਿਆ ਕਮੇਟੀ ਦੇ ਚੇਅਰਮੈਨ ਮੈਂਬਰ ਪਾਰਲੀਮੈਂਟ ਸ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਬਰਤਾਨੀਆ ਦੀ ਨੌਜਵਾਨ ਪੀੜ੍ਹੀ ਵੱਲੋਂ ਗੱਤਕਾ ਖੇਡ ਪ੍ਰਤੀ ਵਧ ਰਹੀ ਦਿਲਚਸਪੀ ਉਸਾਰੂ ਕਦਮ ਹੈ, ਅਤੇ ਅਗਲੇ ਸਾਲ ਹੋਰ ਖਿਡਾਰੀਆਂ ਨੂੰ ਵੀ ਇਨ੍ਹਾਂ ਮੁਕਾਬਲਿਆਂ ਲਈ ਆਕਰਸ਼ਿਤ ਕੀਤਾ ਜਾਵੇਗਾ। ਇਸ ਚੈਂਪੀਅਨਸ਼ਿਪ ਵਿੱਚ ਸਾਰੇ ਮੁਕਾ-ਬਲੇ ਫੱਰੀ-ਸੋਟੀ (ਵਿਅਕਤੀਗਤ) ਵਰਗ ਵਿੱਚ ਹੀ ਖੇਡੇ ਗਏ। ਉਮਰ ਵਰਗ 14 ਸਾਲ ਤੋਂ ਘੱਟ ਦੇ ਮੁਕਾਬਲਿਆਂ ਵਿੱਚੋਂ ਅਕਾਲੀ ਫੂਲਾ ਸਿੰਘ ਗੱਤਕਾ ਅਖਾੜਾ ਕੋਵੈਂਟਰੀ ਦੀ ਰੂਪ ਕੌਰ ਨੇ ਆਪਣੇ ਹੀ ਅਖਾੜੇ ਦੀ ਗਤਕੇਬਾਜ਼ ਮਨਰੂਪ ਕੌਰ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਬਾਬਾ ਬੰਦਾ ਸਿੰਘ ਗੱਤਕਾ ਅਖਾੜਾ ਗਰੇਵਜ਼ੈਂਡ ਦੀ ਰਿਹਾਨਾ ਕੌਰ ਤੀਜੇ ਸਥਾਨ ਤੇ ਰਹੀ।ਇਸੇ ਤਰ੍ਹਾਂ 17 ਸਾਲ ਤੋਂ ਘੱਟ ਉਮਰ ਵਰਗ ਦੇ ਲੜਕਿਆਂ ਦੇ ਮੁਕਾਬਲਿਆਂ ਵਿੱਚੋਂ ਬਾਬਾ ਫਤਿਹ ਸਿੰਘ ਗੱਤਕਾ ਅਖਾੜਾ ਵੂਲਵਿਚ ਦੇ ਨਵਜੋਤ ਸਿੰਘ ਨੇ ਆਪਣੇ ਹੀ ਅਖਾੜੇ ਦੇ ਖਿਡਾਰੀ ਜਸ਼ਨ ਸਿੰਘ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਇਸੇ ਵਰਗ ਵਿੱਚ ਕੋਵੈਂਟਰੀ ਤੋਂ ਅਕਾਲੀ ਫੂਲਾ ਸਿੰਘ ਗੱਤਕਾ ਅਖਾੜੇ ਦੇ ਧਰਮ ਸਿੰਘ ਅਤੇ ਤੇਜਵੀਰ ਸਿੰਘ ਨੇ ਸਾਂਝੇ ਤੌਰ ਤੇ ਤੀਜਾ ਸਥਾਨ ਪ੍ਰਾਪਤ ਕੀਤਾ। 18 ਸਾਲ ਤੋਂ ਵੱਧ ਉਮਰ ਦੇ ਮੁਕਾਬਲਿਆਂ ਵਿੱਚੋਂ ਜੰਗੀ ਹੋਰਸਿਜ਼ ਕਲੱਬ ਵੁਲਵਰਹੈਂਪਟਨ ਦੇ ਗਤਕੇਬਾਜ਼ ਗੁਰਦੀਪ ਸਿੰਘ ਨੇ ਬਾਬਾ ਬੰਦਾ ਸਿੰਘ ਗੱਤਕਾ ਅਖਾੜਾ ਗਰੇਵਜ਼ੈਂਡ ਦੇ ਕੁਲਦੀਪ ਸਿੰਘ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਇਸ ਮੁਕਾਬਲੇ ਵਿੱਚ ਤੀਜਾ ਸਥਾਨ ਬਾਬਾ ਮਿੱਤ ਸਿੰਘ ਗੱਤਕਾ ਅਖਾੜਾ ਵੁਲਵਰਹੈਮਪਟਨ ਦੇ ਅਨਮੋਲਦੀਪ ਸਿੰਘ ਅਤੇ ਨਿਹਾਲ ਸਿੰਘ ਨੇ ਸਾਂਝੇ ਤੌਰ ਤੇ ਹਾਸਲ ਕੀਤਾ।ਸਾਰੇ ਜੇਤੂ ਖਿਡਾਰੀਆਂ ਨੂੰ ਤਗਮੇ ਅਤੇ ਸਨਮਾਨ ਚਿੰਨ੍ਹ ਦਿੱਤੇ ਗਏ ਜਦਕਿ ਗੱਤਕਾ ਅਖਾੜਿਆਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਅਤੇ ਸਿਖਲਾਈ ਸਹੂਲਤਾਂ ਲਈ ਗੱਤਕਾ ਫੈਡਰੇਸ਼ਨ ਯੂ.ਕੇ ਵੱਲੋਂ ਹਜ਼ਾਰ-ਹਜ਼ਾਰ ਪੌਂਡ ਦੀ ਨਗਦ ਸਹਾਇਤਾ ਰਾਸ਼ੀ ਪ੍ਰਦਾਨ ਕੀਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਸੰਸਦ ਮੈਂਬਰ ਢੇਸੀ ਵੱਲੋਂ ਸਾਲ 2013 ਤੋਂ ਯੂਕੇ ਵਿੱਚ ਲਗਾਤਾਰ ਗੱਤਕਾ ਟੂਰਨਾਮੈਂਟ ਕਰਵਾਏ ਜਾ ਰਹੇ ਹਨ ਅਤੇ ਉਨ੍ਹਾਂ ਵੱਲੋਂ ਇਸ ਖੇਡ ਦੇ ਪ੍ਰਚਾਰ-ਪ੍ਰਸਾਰ ਲਈ ਕੀਤੀ ਜਾ ਰਹੀ ਸੇਵਾ ਕਾਬਿਲ-ਏ-ਤਾਰੀਫ਼ ਹੈ। ਉਨ੍ਹਾਂ ਯਕੀਨ ਦਿਵਾਇਆ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਅਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਵੱਲੋਂ ਗੱਤਕਾ ਫੈਡਰੇਸ਼ਨ ਯੂਕੇ ਨੂੰ ਹਰ ਸੰਭਵ ਸਹਿਯੋਗ ਜਾਰੀ ਰਹੇਗਾ। ਆਪਣੇ ਸੰਬੋਧਨ ਵਿੱਚ ਤਨਮਨਜੀਤ ਸਿੰਘ ਢੇਸੀ ਨੇ ਸਾਰੇ ਜੇਤੂਆਂ, ਭਾਗ ਲੈਣ ਵਾਲਿਆਂ ਅਤੇ ਵਾਲੰਟੀਅਰਾਂ ਨੂੰ ਵਧਾਈ ਦਿੰਦਿਆਂ ਸਵਾਂਜ਼ੀ ਅਤੇ ਕਾਰਡਿਫ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸੰਗਤਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਟੂਰਨਾਮੈਂਟ ਕਾਮਯਾਬ ਹੋਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਮਨ ਸਿੰਘ ਜੋਹਲ, ਜਨਰਲ ਸਕੱਤਰ ਗੱਤਕਾ ਫੈਡਰੇਸ਼ਨ ਯੂਕੇ, ਖੁਸ਼ਵੰਤ ਸਿੰਘ ਅਤੇ ਜੀਤ ਸਿੰਘ ਅਰੋੜਾ ਸਵਾਂਜ਼ੀ ਗੁਰਦੁਆਰਾ ਕਮੇਟੀ, ਸੰਗਤ ਸਿੰਘ ਗਰੀਬ ਕਾਰਡਿਫ ਗੁਰਦੁਆਰਾ ਕਮੇਟੀ, ਕੁਲਦੀਪ ਸਿੰਘ ਪੱਡਾ, ਤਰਜੀਤ ਸਿੰਘ ਸੰਧੂ, ਰਾਜ ਬਾਜਵਾ, ਗੁਰਨਾਮ ਨਿੱਝਰ, ਜੀਤਪਾਲ ਸਿੱਧੂ, ਪਰਮਿੰਦਰ ਸੂਜਾਪੁਰ, ਰਣਧੀਰ ਰੰਧਾਵਾ, ਬਲਬੀਰ ਬਰਾੜ, ਸਾਹਿਬ ਸਿੰਘ ਢੇਸੀ, ਤਾਰਨ ਸਿੰਘ ਨਿਹੰਗ ਕਾਰਡਿਫ ਆਦਿ ਹਾਜ਼ਰ ਸਨ।



**ਜੈਤੂਆ ਨੂੰ ਇਨਾਮ ਤਕਸੀਮ ਕਰਦੇ ਹੋਏ ਮੈਂਬਰ ਪਾਰਲੀਮੈਂਟ ਸ ਤਨਮਨਜੀਤ ਸਿੰਘ ਢੇਸੀ ਅਤੇ ਹੋਰ।ਤਸਵੀਰ:-ਸੁਖਜਿੰਦਰ ਸਿੰਘ ਢੱਡੇ**

# ਝੋਨੇ ਦੇ ਸੀਜ਼ਨ ਨੂੰ ਲੈ ਕੇ ਮਹਿਤਪੁਰ ਦਾਣਾ ਮੰਡੀ ਵਿੱਚ ਪ੍ਰਬੰਧ ਮੁਕੰਮਲ

## ਕਿਸਾਨਾਂ ਨੂੰ ਸੁੱਕਾ ਝੋਨਾ ਲਿਉਣ ਦੀ ਅਪੀਲ

**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)-** ਪੰਜਾਬ ਦੇ ਜ਼ਿਲ੍ਹਾ ਜਲੰਧਰ ਦੀਆਂ ਮੰਡੀਆਂ ਵਿੱਚ ਅੱਜ 16 ਸਤੰਬਰ ਤੋਂ ਝੋਨੇ ਦੀ ਖਰੀਦ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਜਾਣਕਾਰੀ ਵਿਚ ਵਾਧਾ ਕਰਦਿਆਂ ਸਕੱਤਰ ਮਾਰਕੀਟ ਕਮੇਟੀ ਮਹਿਤਪੁਰ ਤਜਿੰਦਰ ਕੁਮਾਰ ਅਤੇ ਮਨਦੀਪ ਸਿੰਘ ਮੰਡੀ ਇੰਚਾਰਜ ਮਾਰਕੀਟ ਕਮੇਟੀ ਮਹਿਤਪੁਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਹਿਤਪੁਰ , ਸੰਗੋਵਾਲ, ਬਘੇਲਾ ਮੰਡੀਆਂ ਵਿੱਚ ਝੋਨੇ ਦੀ ਆਮਦ ਨੂੰ ਲੈ ਕੇ ਮੰਡੀਆਂ ਵਿੱਚ ਪੀਣ ਵਾਲੇ ਪਾਣੀ, ਫੜਾ ਦੀ ਸਫਾਈ ਅਤੇ ਛਾ ਆਦਿ ਦੇ ਲੋੜੀਂਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਪ੍ਰੈਸ ਵੱਲੋਂ ਮੌਕੇ ਤੇ ਮੰਡੀ ਮਹਿਤਪੁਰ ਦਾ ਜਾਇਜ਼ਾ ਲਿਆ ਗਿਆ। ਦੇਖਣ ਵਿਚ ਆਇਆ ਕਿ ਮੰਡੀ ਮਹਿਤਪੁਰ ਵਿੱਚ ਝੋਨੇ ਦੀ ਆਮਦ ਦੇ ਪਹਿਲੇ ਦਿਨ ਇਲਾਕੇ ਦਾ ਕੋਈ ਕਿਸਾਨ ਝੋਨੇ ਦੀ ਫ਼ਸਲ ਲੈ ਕੇ ਨਹੀਂ ਪੁਜਿਆ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਸੀਜ਼ਨ ਦੌਰਾਨ ਮੰਡੀ ਇਲਾਕੇ ਦੀਆਂ ਮੰਡੀਆਂ ਵਿਖੇ ਝੋਨੇ ਦੀ ਆਮਦ ਤਕਰੀਬਨ 15 ਲੱਖ ਬੋਰੀ ਤੱਕ ਸਿਮਟ ਕੇ ਰਹਿ ਗਈ ਸੀ ਜੋ ਪਿਛਲੇ ਤੋ ਪਿਛਲੇ ਸੀਜ਼ਨ ਦੀ ਆਮਦ ਨਾਲੋ ਕਾਫੀ ਘੱਟ ਰਹੀ ਸੀ । ਇਕ ਅਨੁਮਾਨ ਅਨੁਸਾਰ ਚਾਲੂ ਸੀਜ਼ਨ ਦੌਰਾਨ ਝੋਨੇ ਦੀ ਆਮਦ ਪਿਛਲੇ ਸੀਜ਼ਨ ਨਾਲੋਂ ਹੋਰ ਵੀ ਘਟਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਝੋਨੇ ਦੇ ਸੀਜ਼ਨ ਦੌਰਾਨ ਇਲਾਕੇ ਦੀਆਂ ਤਿੰਨਾਂ ਮੰਡੀਆਂ ਵਿੱਚ ਤਕਰੀਬਨ 65 ਕਮਿਸ਼ਨ ਇਜੰਟ ਕੰਮ ਕਰ ਰਹੇ ਹਨ। ਇਸ ਦੌਰਾਨ ਮੰਡੀ ਪ੍ਰਬੰਧਕਾਂ ਵੱਲੋਂ ਕਿਸਾਨਾਂ ਨੂੰ ਖਾਸ ਅਪੀਲ ਕੀਤੀ ਗਈ ਹੈ ਕਿ ਉਹ ਝੋਨੇ ਦੀ ਫ਼ਸਲ ਸੁਕਾ ਕੇ ਲਿਆਉਣ। ਤਾ ਜੋ ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਦੌਰਾਨ ਕਿਸੇ ਪ੍ਰੇਸ਼ਾਨੀ ਦਾ ਸਾਹ-ਮਣਾ ਨਾ ਕਰਨਾ ਪਵੇ।



# ਕੇ.ਵੀ.ਕੇ. ਲੰਗੜੋਆ ਵਿਖੇ ਲੱਗੀ ਕੁਦਰਤੀ ਖੇਤੀ ਦੀ ਟ੍ਰੇਨਿੰਗ

**ਬੰਗਾ (ਚਰਨਜੀਤ ਸੱਲ੍ਹਾਂ)** ਨੈਸ਼ਨਲ ਮਿਸ਼ਨ ਆਨ ਨੈਚੂਰਲ ਫਾਰਮਿੰਗ ਅਧੀਨ ਇਕ ਦਿਨ ਦਾ ਕੁਦਰਤੀ ਖੇਤੀ ਸਿਖਲਾਈ ਕੋਰਸ ਕੇ.ਵੀ.ਕੇ. ਲੰਗੜੋਆ ਜਿਲਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਲਗਾਇਆ ਗਿਆ। ਜਿਸ ਵਿਚ ਕੇ.ਵੀ.ਕੇ. ਦੇ ਡਾ. ਆਰਤੀ ਵਰਮਾ, ਡਾ ਜਸਵਿੰਦਰ ਸਿੰਘ ਨੇ ਕੁਦਰਤੀ ਖੇਤੀ ਸਬੰਧੀ ਵੱਖ-ਵੱਖ ਵਿਸ਼ਿਆਂ ਤੇ ਵਿਸਥਾਰ ਪੂਰਵਕ ਚਾਨਣਾ ਪਾਇਆ ਅਤੇ ਇਸ ਕੁਦਰਤੀ ਖੇਤੀ ਸਿਖਲਾਈ ਕੋਰਸ ਵਿਚ ਉੱਘੇ ਸਮਾਜ ਸੇਵੀ, ਵਾਤਾਵਰਣ ਪ੍ਰੇਮੀ, ਕੁਦਰਤੀ ਖੇਤੀ ਮਾਹਿਰ, ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਕੁਦਰਤੀ ਖੇਤੀ ਦੇ ਮਾਸਟਰ ਟ੍ਰੇਨਰ, ਨੈਸ਼ਨਲ ਅਵਾਰਡੀ, ਬੈਸਟ ਪ੍ਰੋਗਰੈਸਿਵ ਫਾਰਮਰ ਅਵਾਰਡੀ ਸੁਰਜੀਤ ਸਿੰਘ ਰਾਏ ਨੇ ਵੀ ਵਿਸ਼ੇਸ ਤੋਰ ਤੇ ਸ਼ਿਰਕਤ ਕੀਤੀ ਅਤੇ ਸਿਖਲਾਈ ਲੈਣ ਆਏ ਕਿਸਾਨ ਅਤੇ ਕਿਸਾਨ ਬੀਬੀਆਂ ਨੂੰ ਕੁਦਰਤੀ ਖੇਤੀ ਸਬੰਧੀ ਸਾਰੀਆਂ ਫਸਲਾਂ ਉਤੇ ਟ੍ਰੇਨਿੰਗ ਦਿਤੀ ਅਤੇ ਆਪਣੇ ਤਜਰਬੇ ਸਾਂਝੇ ਕੀਤੇ। ਸੁਰਜੀਤ ਸਿੰਘ ਰਾਏ ਨੇ ਕਿਹਾ ਕਿ ਹਵਾ, ਮਿੱਟੀ, ਪਾਣੀ ਨੂੰ ਬਚਾਉਣ ਲਈ, ਮਨੁੱਖੀ ਸਰੀਰਾਂ ਵਿਚ ਆਏ ਭਿਆਨਿਕ ਬਿਮਾਰੀਆਂ ਦੇ ਹੜ੍ਹ ਉਤੇ ਕਾਬੂ ਪਾਉਣ ਲਈ ਸਾਨੂੰ ਵੱਧ ਤੋਂ ਵੱਧ ਕੁਦਰਤੀ ਖੇਤੀ ਨੂੰ ਅਪਨਾਉਣਾ ਚਾਹੀਦਾ ਹੈ। ਉਹਨਾਂ ਘੱਟ ਪਾਣੀ ਨਾਲ ਪਲਣ ਵਾਲੀਆਂ ਫਸਲਾਂ ਬੀਜਣ, ਵੱਧ ਤੋਂ ਵੱਧ ਰੁੱਖ ਲਗਾ ਕੇ ਉਹਨਾਂ ਦਾ ਪਾਲਣ ਪੋਸ਼ਣ ਕਰਨ, ਝੋਨੇ ਦੀ ਪਰਾਲੀ ਅਤੇ ਹੋਰ ਫਸਲੀ ਰਹਿੰਦ-ਖੂਹੰਦ ਨੂੰ ਅੱਗ ਨਾ ਲਗਾ ਕੇ ਸਗੋਂ ਉਸ ਨੂੰ ਜਮੀਨ ਵਿਚ ਹੀ ਮਿਲਾ ਕੇ ਧਰਤੀ ਵਿਚਲੇ ਘਟੇ ਹੋਏ ਔਰਗੈਨਿਕ ਕਾਰਬਨ ਨੂੰ ਵਧਾਉਣ ਲਈ ਵੀ ਕਿਸਾਨ ਅਤੇ ਕਿਸਾਨ ਬੀਬੀਆਂ ਨੂੰ ਬੇਨਤੀ ਕੀਤੀ।





# ਅੰਮ੍ਰਿਤਸਰ ਏਅਰਪੋਰਟ ‘ਤੇ ਹੁਣ ਫਾਸਟ ਟ੍ਰੈਕ ਇਮੀਗ੍ਰੇਸ਼ਨ ਈ-ਗੇਟ ਸੇਵਾ ਉਪਲਬਧ

## ਫਲਾਈਅੰਮ੍ਰਿਤਸਰ ਇਨੀਸ਼ੀਏਟਿਵ ਨੇ ਕੀਤਾ ਸਵਾਗਤ; ਯਾਤਰੀਆਂ ਨੇ ਜਤਾਈ ਖੁਸ਼ੀ

**ਅੰਮ੍ਰਿਤਸਰ।** ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ ਤੋਂ ਅੰਤਰਰਾਸ਼ਟਰੀ ਯਾਤਰੀ ਹੁਣ ਇਮੀਗ੍ਰੇਸ਼ਨ ਲਈ ਲੰਬੀਆਂ ਲਾਈਨਾਂ ਤੋਂ ਬਚ ਸਕਣਗੇ। ਹਵਾਈ ਅੱਡੇ ‘ਤੇ ਫਾਸਟ ਟ੍ਰੈਕ ਇਮੀਗ੍ਰੇਸ਼ਨ / ਟਰੱਸਟਡ ਟ੍ਰੈਵਲਰ ਪ੍ਰੋਗਰਾਮ ਦੀ ਸ਼ੁਰੂਆਤ ਹੋ ਚੁੱਕੀ ਹੈ। ਫਲਾਈਅੰਮ੍ਰਿਤਸਰ ਇਨੀਸ਼ੀਏਟਿਵ ਨੇ ਇਸ ਵਿਸ਼ਵ-ਪੱਧਰੀ ਸਹੂਲਤ ਦੀ ਸ਼ੁਰੂਆਤ ਦਾ ਸਵਾਗਤ ਕੀਤਾ ਹੈ, ਜਿਸ ਦੇ ਤਹਿਤ ਹਵਾਈ ਅੱਡੇ ‘ਤੇ ਹੁਣ ਅੱਠ ਆਟੋਮੈਟਿਡ ਈ-ਗੇਟ — ਚਾਰ ਆਗਮਨ ਲਈ ਅਤੇ ਚਾਰ ਰਵਾਨਗੀ ਲਈ — ਲਗਾਏ ਗਏ ਹਨ, ਜਿਨ੍ਹਾਂ ਰਾਹੀਂ ਯਾਤਰੀ ਸਿਰਫ ਕੁਝ ਸਕਿੰਟਾਂ ‘ਚ ਬਾਇਓਮੈਟਰਿਕ ਤਸਦੀਕ ਨਾਲ ਇਮੀਗ੍ਰੇਸ਼ਨ ਕਲੀਅਰ ਕਰ ਸਕਣਗੇ। ਯਾਤਰੀ ਇਸ ਲਈ ਆਨਲਾਈਨ ਰਜਿਸਟ੍ਰੇਸ਼ਨ ਡਟਿਟਟਪ.ਮਹਓ.ਗੋਵ.ਿਨ ‘ਤੇ ਕਰ ਸਕਦੇ ਹਨ। ਇੱਕ ਵਾਰ ਰਜਿਸਟ੍ਰੇਸ਼ਨ ਅਤੇ ਬਾਇਓਮੈਟਰਿਕ ਡਾਟਾ ਹਵਾਈ ਅੱਡੇ ਜਾਂ ਐੱਫ.ਆਰ.ਆਰ.ਓ ਦਫ਼ਤਰ ‘ਚ ਦਰਜ ਹੋਣ ਤੋਂ ਬਾਅਦ, ਇਹ ਸੁਵਿਧਾ ਪੰਜ ਸਾਲ ਜਾਂ ਪਾਸਪੋਰਟ ਦੀ ਮਿਆਦ ਸਮਾਪਤ ਹੋਣ ਤੱਕ ਵਰਤੀ ਜਾ ਸਕਦੀ ਹੈ। ਇਹ ਸਹੂਲਤ ਭਾਰਤੀ ਪਾਸਪੋਰਟ ਧਾਰਕਾਂ ਅਤੇ ਓ.ਸੀ.ਆਈ ਕਾਰਡ ਧਾਰਕਾਂ ਲਈ ਮੁਫ਼ਤ ਉਪਲਬਧ ਹੈ। ਇਸ ਨਵੀਂ ਸਹੂਲਤ ਦਾ ਸਵਾਗਤ ਕਰਦੇ ਹੋਏ, ਫਲਾਈਅੰਮ੍ਰਿਤਸਰ ਇਨੀਸ਼ੀਏਟਿਵ ਦੇ ਕਨਵੀਨਰ ਯੋਗੇਸ਼ ਕਾਮਰਾ ਨੇ ਕਿਹਾ, “ਅੰਮ੍ਰਿਤਸਰ ਲਈ ਇਹ ਇਕ ਇਤਿਹਾਸਕ ਕਦਮ ਹੈ। ਇਸ ਨਾਲ ਅੰਤਰਰਾਸ਼ਟਰੀ ਯਾਤਰੀਆਂ ਲਈ ਇਮੀਗ੍ਰੇਸ਼ਨ ਪ੍ਰਕਿਰਿਆ ਹੋਰ ਤੇਜ਼, ਸੁਚਾਰੂ, ਆਸਾਨ ਅਤੇ ਬਿਨਾਂ ਤਣਾਅ ਵਾਲੀ ਹੋਵੇਗੀ। ਇਸ ਰਾਹੀਂ ਯਾਤਰੀਆਂ ਨੂੰ ਇਮੀਗ੍ਰੇਸ਼ਨ ਕਾਊਂਟਰਾਂ ‘ਤੇ ਖੜ੍ਹਾ ਨਹੀਂ ਹੋਣਾ ਪਵੇਗਾ ਅਤੇ ਬਿਨਾਂ ਬੇਵਜ੍ਹਾ ਸਵਾਲਾਂ ਤੋਂ ਬਚਦੇ ਹੋਏ ਕਰੀਬ ਇੱਕ ਘੰਟਾ ਸਮਾਂ ਬਚਾਇਆ ਜਾ ਸਕੇਗਾ। ਦੋਹਾ, ਦੁਬਈ, ਸ਼ਾਰਜਾਹ, ਮਿਲਾਨ, ਕੁਆਲਾਲੰਪੁਰ, ਸਿੰਗਾਪੁਰ, ਬੈਂਕਾਕ, ਲੰਡਨ ਅਤੇ ਬਰਮਿੰਘਮ ਵਰਗੇ ਸਥਾਨਾਂ ਲਈ ਉਡਾਣ ਭਰਨ ਵਾਲੇ ਅੰਤਰਰਾਸ਼ਟਰੀ ਯਾਤਰੀ ਸਿੱਧੇ ਤੌਰ ‘ਤੇ ਇਸਦਾ ਲਾਭ ਲੈਣਗੇ।” ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਅਤੇ ਅਮਰੀਕਾ ਨਿਵਾਸੀ ਸਮੀਪ ਸਿੰਘ ਗੁਮਟਾਲਾ ਨੇ ਅੱਗੇ ਕਿਹਾ, “ਐਨ.ਆਰ.ਆਈਜ਼ ਜਿੰਨ੍ਹਾਂ ਵਿੱਚ ਓ.ਸੀ.ਆਈ ਕਾਰਡ ਧਾਰਕ ਅਤੇ ਗ੍ਰੀਨ ਕਾਰਡ ਵਾਲੇ ਭਾਰਤੀ ਪਾਸਪੋਰਟ ਧਾਰਕ ਜੋ ਅਮਰੀਕਾ, ਕੈਨੇਡਾ ਜਾਂ ਹੋਰਨਾਂ ਦੇਸ਼ਾਂ ਦੇ ਪਰਮਾਨੈਂਟ ਰੈਜ਼ੀਡੈਂਟ (ਪੀਆਰ) ਦਾ ਦਰਜਾ ਰੱਖਦੇ ਹਨ, ਉਨ੍ਹਾਂ ਲਈ ਇਹ ਵੱਡੀ ਰਾਹਤ ਹੈ। ਹੁਣ ਨਾ ਤਾਂ ਲੰਬੀਆਂ ਲਾਈਨਾਂ ਵਿੱਚ ਇੰਤਜ਼ਾਰ ਕਰਨਾ ਪਵੇਗਾ ਅਤੇ ਨਾ ਹੀ ਸਵਾਲਾਂ ਨਾਲ ਦੇਰੀ ਹੋਵੇਗੀ। ਯਾਤਰੀਆਂ ਨੂੰ ਅੰਮ੍ਰਿਤਸਰ ‘ਤੇ ਹੁਣ ਇਕ ਵਿਸ਼ਵ-ਪੱਧਰੀ ਅਤੇ ਬਿਨਾਂ ਝੰਜਟ ਵਾਲੀ ਇਮੀਗ੍ਰੇਸ਼ਨ ਪ੍ਰਕਿਰਿਆ ਮਿਲੇਗੀ।” ਕਾਮਰਾ ਅਤੇ ਗੁਮਟਾਲਾ ਨੇ ਇਸ ਗੱਲ ‘ਤੇ ਵੀ ਜ਼ੋਰ ਦਿੱਤਾ ਕਿ ਹਵਾਈ ਅੱਡੇ ‘ਤੇ ਪਹਿਲਾਂ ਤੋਂ ਹੀ ਲਗਾਏ ਗਏ ਇਨਲਾਈਨ ਬੈਗੇਜ ਸਕ੍ਰੀਨਿੰਗ ਸਿਸਟਮ ਨੂੰ ਵੀ ਬਿਨਾਂ ਹੋਰ ਦੇਰੀ ਤੋਂ ਚਾਲੂ ਕੀਤਾ ਜਾਵੇ ਤਾਂ ਜੋ ਯਾਤਰੀਆਂ ਨੂੰ ਆਧੁਨਿਕ ਸੁਵਿਧਾਵਾਂ ਦਾ ਪੂਰਾ ਲਾਭ ਮਿਲ ਸਕੇ। ਇਸ ਤੋਂ ਇਲਾਵਾ ਉਹਨਾਂ ਨੇ ਅਥਾਰਟੀ ਨੂੰ ਹਵਾਈ ਅੱਡੇ ‘ਤੇ “ਡਿਜੀ ਯਾਤਰਾ ਸਿਸਟਮ” ਦੀ ਸਹੂਲਤ ਵੀ ਜਲਦ ਸ਼ੁਰੂ ਕਰਨ ਦੀ ਮੰਗ ਕੀਤੀ ਹੈ ਜਿਸ ਨਾਲ ਯਾਤਰੀਆਂ ਲਈ ਉਡੀਕ ਸਮਾਂ ਘਟੇਗਾ। ਇਹ ਇਕ ਆਧੁਨਿਕ, ਬਿਨਾਂ ਸੰਪਰਕ ਵਾਲੀ ਬਾਇਓਮੈਟਰਿਕ ਅਤੇ ਚਿਹਰਾ ਪਹਿਚਾਣ ਕਰਨ ਵਾਲੀ ਪ੍ਰਣਾਲੀ ਹੈ, ਜੋ ਭਾਰਤ ਦੇ ਕਈ ਹਵਾਈ ਅੱਡਿਆਂ ‘ਤੇ ਸਫਲਤਾਪੂਰਵਕ ਸ਼ੁਰੂ ਕੀਤੀ ਜਾ ਚੁੱਕੀ ਹੈ।



Yogesh Kamra - Convener India- FlyAmritsar Initiative



SameepSinghGumtala- Global Convener - FlyAmritsar Initiative




# ਅੱਜ ਦੇ ਹਾਲਾਤਾਂ ਨੂੰ ਬਿਆਨ ਕਰਦਾ ਗੀਤ ਕਲਯੁਗ ਲੈਕੇ ਹਾਜ਼ਰ ਹੈ : ਜਗਦੀਸ਼ ਜਾਡਲਾ

**ਬੰਗਾ (ਚਰਨਜੀਤ ਸੱਲ੍ਹਾਂ )** ਆਪ ਸੱਭ ਦੀਆਂ ਦੁਆਵਾਂ ਸਦਕਾ ਇੱਕ ਨਵਾਂ ਨਕੋਰ ਅੱਜ ਦੇ ਹਲਾਤਾਂ ਨੂੰ ਬਿਆਨ ਕਰਦਾ ਗੀਤ ‘ਕਲਯੁਗ" ਗਾਇਕ "ਜਗਦੀਸ਼ ਜਾਡਲਾ" ਦੀ ਸੁਰੀਲੀ ਆਵਾਜ਼ ਵਿੱਚ ਲੈ ਕੇ ਹਾਜ਼ਰ ਹੋ ਰਹੇ ਹਾਂ ਜੀ.! ਸਵਰਗਵਾਸੀ ਸ੍ਰੀ ਮਲਕੀਤ ਸਿੰਘ ਮਹਿਤਪੁਰੀ ਜੀ ਵਲੋਂ ਇਸ ਗੀਤ ਨੂੰ ਕਲਮਬੱਧ ਕੀਤਾ ਹੈ ਏਕਮਪਰੀਤ ਸਿੰਘ੍ਹਖ ਵੱਲੋਂ ਗੀਤ ਦੀ ਪੇਸ਼ਕਸ਼ ਕੀਤੀ ਗਈ ਹੈ॥ ਆਰ ਸੋਢੀ ਵਲੋਂ ਮਿਊਜ਼ਿਕ ਅਤੇ ਅਕਸ਼ੇ ਵਰਮਾ ਲੁਧਿਆਣਾ ਵਲੋਂ ਵੀਡੀਓ ਫਿਲਮਾਕਣ ਕੀਤਾ ਗਿਆ।॥ ਪ੍ਰਸਿੱਧ ਪ੍ਰਮੋਟਰ ਸ੍ਰੀ ਬਿੱਲ ਬਸਰਾ ਕਨੇਡਾ ਅਤੇ ਤੁਹਾਡੇ ਆਪਣੇ ਗਾਇਕ ਰਾਜ ਦਦਰਾਲ ਵਲੋਂ RM2 MUSIC &AKM Entertianer’ਸ ਦੇ ਬੈਨਰ ਹੇਠ ਰਲੀਜ ਕੀਤਾ ਜਾ ਰਿਹਾ ਹੈ॥ ਸੋ "ਖੂਲ਼ੈਘ" ਗੀਤ ਦਾ ਪੋਸਟਰ ਆਪ ਦੇ ਸਨਮੁੱਖ ਹੈ ॥ ਕਰੋ ਵੱਧ ਤੋਂ ਵੱਧ ਸ਼ੇਅਰ ਜੀ




# ਸ਼ਿਵਾਲਿਕ ਹਿਲਸ ਵੈਲਫੇਅਰ ਸੋਸਾਇਟੀ ਨੇ ਮੁਹੱਲਾ ਨੀਲਕੰਠ ਵਿਖੇ 46ਵਾਂ ਆਯੁਰਵੈਦਿਕ ਮੈਡੀਕਲ ਕੈਂਪ ਲਗਾਇਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸ਼ਿਵਾਲਿਕ ਹਿਲਸ ਵੈਲਫੇਅਰ ਸੋਸਾਇਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਸਰਕਾਰ ਦੇ ਆਯੁਰਵੈਦਿਕ ਵਿਭਾਗ ਦੇ ਸਹਿਯੋਗ ਨਾਲ ਮੁਹੱਲਾ ਨੀਲਕੰਠ ਵਿਖੇ 46ਵਾਂ ਆਯੁਰਵੈਦਿਕ ਮੈਡੀਕਲ ਕੈਂਪ ਲਗਾਇਆ ਗਿਆ। ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਧਿਕਾਰੀ ਹੁਸ਼ਿਆਰਪੁਰ ਡਾ. ਪ੍ਰਦੀਪ ਕੰਵਰ ਵੱਲੋਂ ਨਿਯੁਕਤ ਡਾ. ਰਿਤੂ, ਉਪਵੇਦ ਜਸਵੀਰ ਠਾਕੁਰ, ਫਾਰਮਾਸਿਸਟ ਤੁਲਿਕਾ ਸ਼ਰਮਾ, ਸਿਹਤ ਕਰਮਚਾਰੀ ਜੋਤੀ ਪੁਰੀ, ਨੀਤੂ ਕੌਰ ਅਤੇ ਸਹਾਇਕ ਗੁਰਪ੍ਰੀਤ ਸਿੰਘ ਵੱਲੋਂ 100 ਤੋਂ ਵੱਧ ਮਰਦ-ਔਰਤਾਂ ਅਤੇ ਬੱਚਿਆਂ ਦਾ ਨਿਰੀਖਣ ਕੀਤਾ ਗਿਆ ਅਤੇ 84 ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਮੁੱਖ ਸਲਾਹਕਾਰ ਸੇਵਾ ਮੁਕਤ ਸਕੱਤਰ ਰੈੱਡ ਕਰਾਸ ਅਮਰਜੀਤ ਹਮਰੋਲ ਨੇ ਸੰਸਥਾ ਵੱਲੋਂ ਕੀਤੇ ਗਏ ਲੋਕ ਭਲਾਈ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਕਿ ਪ੍ਰੋਜੈਕਟ ਖੇਤਰ ਵਿੱਚ ਹਰ ਮਹੀਨੇ ਮਾਂ ਅਤੇ ਬੱਚੇ ਦੇ ਸਿਹਤ ਕੇਂਦਰ ਦਾ ਟੀਕਾਕਰਨ ਕੀਤਾ ਜਾਵੇਗਾ। ਗਰਭਵਤੀ ਅਤੇ ਨਵਜੰਮੇ ਬੱਚੇ ਦੀ ਦੇਖਭਾਲ ਅਤੇ ਮਾਂ ਦੀ ਸਿਹਤ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਦੇ ਨਾਲ ਹੀ ਸੰਸਥਾ ਵੱਲੋਂ 'ਨਸ਼ਿਆਂ ਵਿਰੁੱਧ ਜੰਗ' ਮੁਹਿੰਮ ਤਹਿਤ ਸੈਮੀਨਾਰ ਕਰਵਾ ਕੇ ਨਸ਼ਿਆਂ ਦੇ ਵਿਨਾਸ਼ਕਾਰੀ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਮੌਕੇ 'ਤੇ ਡਾ. ਪ੍ਰਦੀਪ ਕੰਵਰ ਨੇ ਕਿਹਾ ਕਿ ਆਯੁਵੇਦਿਕ ਵਿਭਾਗ ਵੱਲੋਂ ਸਮਾਜ ਸੇਵੀ ਸੰਗਠਨਾਂ ਦੇ ਸਹਿਯੋਗ ਨਾਲ ਆਰਥਿਕ ਤੌਰ 'ਤੇ ਪਛੜੇ ਇਲਾਕਿਆਂ ਵਿੱਚ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ ਤਾਂ ਜੋ ਉਨ੍ਹਾਂ ਦੇ ਘਰ ਦੇ ਨੇੜੇ ਦਵਾਈਆਂ ਮੁਹੱਈਆ ਕਰਵਾਈਆਂ ਜਾ ਸਕਣ ਅਤੇ ਇੱਕ ਸਿਹਤਮੰਦ ਸਮਾਜ ਦੀ ਉਸਾਰੀ ਵਿੱਚ ਭਾਗੀਦਾਰੀ ਪਾਈ ਜਾ ਸਕੇ। ਇਸ ਮੌਕੇ ਆਂਗਣਵਾੜੀ ਵਰਕਰ ਨਿਰਮਲਾ ਦੇਵੀ, ਸੁਨੀਤਾ ਰਾਣੀ ਅਤੇ ਇਲਾਕੇ ਦੇ ਪ੍ਰਸਿੱਧ ਸਮਾਜ ਸੇਵਕ ਬਲਦੇਵ ਸਿੰਘ ਨੇ ਕੈਂਪ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਵਿਸ਼ੇਸ਼ ਸਹਿਯੋਗ ਦਿੱਤਾ।

# ਮਾਸੂਮ ਹਰਵੀਰ ਦੇ ਕਾਤਲ ਨੂੰ ਜਲਦੀ ਤੋਂ ਜਲਦੀ ਫਾਂਸੀ ਦਿੱਤੀ ਜਾਵੇ – ਅਸ਼ੋਕ ਸੂਦ ਹੈਪੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਮੌਰਨਿੰਗ ਵਾਕਰ ਕਲੱਬ ਨੇ ਪੰਜ ਸਾਲ ਦੀ ਬੱਚੀ ਦੇ ਕਾਤਲ ਨੂੰ ਜਲਦੀ ਤੋਂ ਜਲਦੀ ਫਾਂਸੀ ਦੇਣ ਦੀ ਮੰਗ ਕੀਤੀ। ਇਸ ਮੌਕੇ ਹੋਈ ਮੀਟਿੰਗ ਵਿੱਚ ਮੌਜੂਦ ਮੈਂਬਰਾਂ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਅਸ਼ੋਕ ਸੂਦ ਹੈਪੀ ਨੇ ਕਿਹਾ ਕਿ ਇਸ ਘਟਨਾ ਨੇ ਮਨੁੱਖਤਾ ਨੂੰ ਸ਼ਰਮਸਾਰ ਕੀਤਾ ਹੈ ਅਤੇ ਇਸਦੀ ਜਿੰਨੀ ਨਿੰਦਾ ਕੀਤੀ ਜਾਵੇ ਓਨੀ ਘੱਟ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਇੱਕ ਗੰਦੀ ਮੱਛੀ ਪੂਰੇ ਤਲਾਅ ਨੂੰ ਗੰਦਾ ਕਰ ਦਿੰਦੀ ਹੈ, ਉਸੇ ਤਰ੍ਹਾਂ ਮਾੜੀ ਮਾਨਸਿਕਤਾ ਅਤੇ ਅਪਰਾਧਿਕ ਅਕਸ ਵਾਲੇ ਲੋਕ ਪੂਰੇ ਸਮਾਜ ਨੂੰ ਗੰਦਾ ਕਰ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸਮਾਜ ਨੂੰ ਅਪਰਾਧਿਕ ਰੁਝਾਨਾਂ ਤੋਂ ਬਚਾਉਣ ਲਈ ਬਾਹਰੀ ਲੋਕਾਂ ਦੀ ਪੁਲਿਸ ਵੈਰੀਫਿਕੇਸ਼ਨ ਹੋਣੀ ਚਾਹੀਦੀ ਹੈ। ਇਸ ਦੌਰਾਨ ਸਾਰਿਆਂ ਨੇ ਦੋ ਮਿੰਟ ਦਾ ਮੌਨ ਰੱਖ ਕੇ ਮਾਸੂਮ ਹਰਵੀਰ ਸਿੰਘ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਰਜਿੰਦਰ ਮਲਹੋਤਰਾ, ਰਵਿੰਦਰ ਵਰਮਾ, ਤਿਲਕ ਰਾਜ ਗੁਪਤਾ, ਅਸ਼ੋਕ ਮਲਹੋਤਰਾ, ਸੰਜੂ ਬਜਾਜ, ਮਨੋਹਰ ਪਰਾਸ਼ਰ, ਸੰਜੀਵ ਜੈਨ, ਪੀਸੀ ਸ਼ਰਮਾ, ਰਾਕੇਸ਼ ਸ਼ਰਮਾ, ਮਨੋਜ ਕੁਮਾਰ, ਰਵੀ ਸੋਨੀ, ਛਿੰਦੀ ਪ੍ਰਧਾਨ, ਸਵਰਗੀ। ਗੋਵਿੰਦ ਜਸਵਾਲ, ਅਜੈ ਕੁਮਾਰ ਬਾਵਾ, ਹੰਸਰਾਜ ਸ਼ਰਮਾ, ਸਵਰਗੀ। ਦਰਸ਼ਨ ਸਿੰਘ, ਨਵੀਨ ਗੁਪਤਾ, ਪ੍ਰਦੀਪ ਪਰਾਸ਼ਰ, ਜੋਤ ਸਿੰਘ, ਅਰਪਨ ਸੂਦ, ਵੈਭਵ ਸੋਨੀ, ਪਵਨ ਕੁਮਾਰ, ਕਰਨ ਸ਼ਰਮਾ ਆਦਿ ਹਾਜ਼ਰ ਸਨ।



# ਹੁਸ਼ਿਆਰਪੁਰ ਕਾਂਡ ਦੇ ਦੋਸ਼ੀਆਂ ਨੂੰ ਫਾਹੇ ਲਾਓ

## ਮਾਸੂਮ ਹਰਵੀਰ ਨੂੰ ਇੰਨਸਾਫ਼ ਦਵਾਉਣ ਲਈ ਲੋਕ ਇਨਸਾਫ਼ ਮੰਚ ਤੇ ਭਰਾਤਰੀ ਜਥੇਬੰਦੀਆਂ ਵੱਲੋਂ ਸ਼ਹਿਰ ਫਿਲੌਰ ਵਿੱਚ ਕੀਤਾ ਕੈਂਡਲ ਤੇ ਰੋਸ ਮਾਰਚ

**ਫਿਲੌਰ/ਅੱਪਰਾ, (ਦੀਪਾ)-** ਲੋਕ ਇਨਸਾਫ਼ ਮੰਚ ਤੇ ਭਰਾਤਰੀ ਜਥੇਬੰਦੀਆਂ ਵੱਲੋਂ ਹੋਸ਼ਿਆਰਪੁਰ ਕਤਲ ਕਾਂਡ ਦੇ ਦੋਸ਼ੀਆਂ ਨੂੰ ਫਾਹੇ ਲਗਵਾਉਣ ਲਈ ਕੈਂਡਲ ਤੇ ਰੋਸ ਮਾਰਚ ਕੀਤਾ ਗਿਆ ਜਿਸ ਵਿੱਚ ਸੈਕੜੇ ਮਰਦ ਔਰਤਾਂ ਅਤੇ ਬੱਚਿਆਂ ਨੇ ਸ਼ਮੂਲੀਅਤ ਕੀਤੀ ਜਿਸ ਦੀ ਅਗਵਾਈ ਪ੍ਰਧਾਨ ਜਰਨੈਲ ਫਿਲੌਰ, ਸਰਬਜੀਤ ਸਾਬਿ ਸਾਬਕਾ ਸਰਪੰਚ... ਨੇ ਕੀਤੀ। ਇਹ ਕੈਂਡਲ ਤੇ ਰੋਸ ਮਾਰਚ ਡਾਕਟਰ ਅੰਬੇਦਕਰ ਚੌਂਕ ਫਿਲੌਰ ਤੋਂ ਸ਼ੁਰੂ ਹੋਇਆ ਅਤੇ ਸ਼ਹਿਰ ਫਿਲੌਰ ਤੋਂ ਹੁੰਦਾਂ ਹੋਇਆ. ਦੁਬਾਰਾ ਅੰਬੇਦਕਰ ਚੌਂਕ. ਵਿੱਖੇ ਖ਼ਤਮ ਹੋਇਆ। ਇਸ ਮੌਕੇ ਸੰਬੋਧਨ ਕਰਦੇ ਹੋਏ ਆਗੂਆਂ ਪ੍ਰਸ਼ੋਤਮ ਫਿਲੌਰ, ਮਾਸਟਰ ਹੰਸ ਰਾਜ, ਰਾਮਜੀ ਦਾਸ ਗੰਨਾ ਪਿੰਡ, ਹਨੀ ਸੰਤੋਖਪੁਰਾ, ਰਾਜਵਿੰਦਰ ਮੁਠੱਡਾ, ਡਾਕੂਰ ਸੰਦੀਪ ਕੁਮਾਰ, ਡਾਕਟਰ ਅਸ਼ੋਕ ਕੁਮਾਰ, ਡਾਕਟਰ ਸੁਨੀਲ ਗੰਨਾ ਪਿੰਡ, ਰਵੀ ਦਲੇਰ, ਸੋਮ ਨਾਥ ਸ਼ੇਖੂਪੁਰ, ਪਰਵਿੰਦਰ ਫਲਪੋਤਾ, ਮੱਘਰ ਜਗਤਪੁਰ, ਸੁਰਿੰਦਰ ਮਾਹਲਾ, ਹੈਪੀ ਸੰਗੋਵਾਲ,ਅਤੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਕਰਨੈਲ ਫਿਲੌਰ ਆਦਿ ਨੇ ਮੰਗ ਕੀਤੀ ਕਿ ਹੋਸ਼ਿਆਰਪੁਰ ਦੇ ਮਾਸੂਮ ਹਰਵੀਰ ਦਾ ਕਤਲ ਕਰਨ ਵਾਲੇ ਸਾਰੇ ਦੋਸ਼ੀਆਂ ਨੂੰ ਫਾਹੇ ਲਗਾਇਆ ਜਾਵੇ ਅਤੇ ਜ਼ਲਦੀ ਫ਼ੈਸਲੇ ਲਈ ਕੇਸ ਫਾਸਟ ਟਰੈਕ ਅਦਾਲਤ ਵਿੱਚ ਚਲਾਇਆ ਜਾਵੇ। ਯਾਦ ਰਹੇ ਕਿ ਪਿਛਲੇ ਦਿਨੀਂ ਹੁਸ਼ਿਆਰਪੁਰ ਵਿੱਚ ਇੱਕ ਵਿਅਕਤੀ ਵੱਲੋਂ ਇੱਕ ਬੱਚੇ ਦੇ ਨਾਲ ਕੀਤੀ ਹੈਵਾਨੀਅਤ ਤੇ ਕਤਲ ਦਾ ਮਾਮਲਾ ਸਾਹਮਣੇ ਆਇਆ। ਕਤਲ ਦੀ ਘਟਨਾ ਨੇ ਲਾਜਮੀ ਹੀ ਸੰਵੇਦਨਸ਼ੀਲ ਤਬਕੇ ਦੇ ਕਾਲਜੇ ਵਲੂੰਧਰੇ ਹਨ। ਨਿੱਤਦਿਨ ਔਰਤਾਂ, ਬੱਚੇ-ਬੱਚੀਆਂ ਨਾਲ਼ ਬਦਫੈਲੀ ਤੇ ਕਤਲ ਦੀ ਖਬਰਾਂ ਕਿਤੋਂ ਨਾ ਕਿਤੋਂ ਆਉਂਦੀਆਂ ਹਨ। ਸਮਾਜ ਵਿੱਚ ਵਧ ਰਿਹਾ ਇਹ ਅਪਰਾਧ ਸਰਮਾਏਦਾਰਾ ਸਮਾਜ ਅੰਦਰ ਵਧਦੇ ਨਿਘਾਰ ਅਤੇ ਕਨੂੰਨੀ ਨਾਕਾਮੀਆਂ ਦਾ ਹੀ ਸਿੱਟਾ ਹੈ।



ਜਿਸ ਵਿੱਚ ਸਾਡੇ ਬੱਚੇ, ਧੀਆਂ-ਭੈਣਾਂ ਸੁਰੱਖਿਅਤ ਨਹੀਂ ਹਨ। ਸਮਾਜ ਅੰਦਰ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਸਾਡੇ ਲਈ ਚਿੰਤਾ ਦਾ ਵਿਸ਼ਾ ਬਣਦੀਆਂ ਹਨ। ਇਹਨਾਂ ਘਟਨਾਵਾਂ ਵਿੱਚ ਦੋਸ਼ੀਆਂ ਲਈ ਸਖਤ ਸਜਾਵਾਂ ਅਤੇ ਪੀੜਿਤਾਂ ਲਈ ਇਨਸਾਫ ਦੀ ਮੰਗ ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਦਾ ਅਨਿੱਖੜਵਾਂ ਅੰਗ ਰਹੀ ਹੈ। ਹੁਸ਼ਿਆਰਪੁਰ ਵਿੱਚ ਵਾਪਰੇ ਇਸ ਕਾਂਡ ਵਿੱਚ ਦੋਸ਼ੀ ਦੀ ਪਛਾਣ ਇੱਕ ਬਿਹਾਰੀ ਪ੍ਰਵਾਸੀ ਵਜੋਂ ਹੋਈ ਹੈ। ਇਸ ਨਿੱਘਰੇ ਹੋਏ ਪਸ਼ੂ-ਬਿਰਤੀ ਇਨਸਾਨ ਨੇ ਇੱਕ ਛੋਟੇ ਬੱਚੇ ਨਾਲ਼ ਹੈਵਾਨੀਅਤ ਮਗਰੋਂ ਉਹਦਾ ਕਤਲ ਕਰ ਦਿੱਤਾ। ਇਸ ਮਾਮਲੇ ਵਿੱਚ ਲੋਕ ਇਨਸਾਫ਼ ਮੰਚ ਮੰਗ ਕਰਦਾ ਹੈ ਕਿ ਇਸ ਵਿਅਕਤੀ ਨੂੰ ਫਾਸਟ-ਟਰੈਕ ਕੋਰਟ ਰਾਹੀਂ ਮੁਕੱਦਮਾ ਚਲਾਕੇ ਫਾਂਸੀ ਦੀ ਸਜ਼ਾ ਦਿੱਤੀ ਜਾਵੇ।ਪਰ ਅਜਿਹੇ ਮੌਕੇ ਕੁਝ ਲੋਕਦੋਖੀ ਅਤੇ ਪਿਛਾਂਹਖਿੱਚੂ ਅਨਸਰਾਂ ਵੱਲੋਂ ਇਸ ਘਟਨਾ ਨੂੰ "ਪ੍ਰਵਾਸੀ ਭਜਾਓ" ਦਾ ਨਾਹਰਾ ਦੇਣ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ। ਕਿਸੇ ਇੱਕ ਭਾਈਚਾਰੇ ਦੇ ਵਿਅਕਤੀ ਵੱਲੋਂ ਕੀਤੀ ਕੋਝੀ ਕਾਰਸਤਾਨੀ ਲਈ ਸਮੁੱਚੇ ਭਾਈਚਾਰੇ ਨੂੰ ਦੋਸ਼ ਦੇਣਾ ਕਿਤੇ ਵੀ ਸਹੀ ਨਹੀਂ ਹੈ। ਸ਼ੋਸਲ ਮੀਡੀਆ ਉੱਤੇ ਸਮੁੱਚੇ ਪ੍ਰਵਾਸੀ ਭਾਈਚਾਰੇ ਨੂੰ ਨਿਸ਼ਾਨਾ ਬਣਾਕੇ ਨਫਰਤੀ ਮੁਹਿੰਮ ਚਲਾਈ ਜਾ ਰਹੀ ਹੈ। ਇਹ ਲੋਕਦੋਖੀ ਅਨਸਰ ਆਵਦੇ ਸੌੜੇ ਸਿਆਸੀ ਹਿੱਤਾਂ ਖਾਤਰ ਲੋਕ-ਭਾਈਚਾਰੇ ਅੰਦਰ ਪਾਟਕਾਂ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕਿਸੇ ਅਪਰਾਧ ਨੂੰ ਕਿਸੇ ਵਿਸ਼ੇਸ਼ ਨਸਲ ਜਾਂ ਭਾਈਚਾਰੇ ਨਾਲ ਜੋੜਨਾ, ਪੂਰੀ ਤਰਾਂ ਗਲਤ ਹੈ। ਜਦਕਿ ਅਪਰਾਧੀ ਭਾਵੇਂ ਉਹ ਕਿਸੇ ਜਾਤ, ਧਰਮ, ਨਸਲ, ਕੌਮ ਦਾ ਹੋਵੇ, ਉਸ ਲਈ ਸਜਾ ਦੀ ਮੰਗ ਕਰਨੀ ਜਾਇਜ ਹੈ।

ਇਸ ਲਈ ਅਸੀ ਲੋਕ ਇਨਸਾਫ਼ ਮੰਚ ਪੰਜਾਬ ਵੱਲੋਂ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਆਪਸੀ ਭਾਈਚਾਰਕ ਸਾਂਝ ਬਣਾਈ ਰੱਖਦਿਆਂ ਇਸ ਘਟਨਾ ਦੇ ਦੋਸ਼ੀ ਲਈ ਫਾਸਟ-ਟਰੈਕ ਕੋਰਟ ਰਾਹੀਂ ਮੁਕੱਦਮਾ ਚਲਾਕੇ ਫਾਂਸੀ ਦੀ ਸਜਾ ਦਿੱਤੀ ਜਾਵੇ।

ਇਸ ਕੈਂਡਲ ਤੇ ਰੋਸ ਮਾਰਚ ਵਿੱਚ ਗਰੀਬ ਦਾਸ, ਦਲਵੀਰ ਹੀਰ, ਕਸ਼ਮੀਰੀ ਲਾਲ ਪਟਵਾਰੀ, ਸਰੂਪ ਕਲੇਰ, ਵਿਜੇ ਬੰਗੜ, ਅਵਤਾਰ ਸਿੰਘ ਭੋਲੇਵਾਲ,ਬਖ਼ਸ਼ੀ ਰਾਮ, ਰਸ਼ਪਾਲ ਖਹਿਰਾ, ਸੁਸ਼ੀਲ ਕੁਮਾਰ, ਲਖਵੀਰ ਸਿੰਘ, ਵਿਜੇ ਪਾਲ, ਸਤਵਿੰਦਰ ਸਿੰਘ, ਮੱਖਣ ਸੰਤੋਖਪੁਰਾ, ਲੰਬਰਦਾਰ ਗੁਰਮੀਤ ਸਿੰਘ, ਜੱਗੀ ਰਾਮਗੜ੍ਹ, ਇੰਦਰਜੀਤ ਲੱਭਾ, ਗੋਬਿੰਦ ਰਾਮ, ਚਰਣਜੀਤ ਗੜ੍ਹਾ, ਰਮਨ ਭੋਲੇਵਾਲ, ਡਾਕੂਰ ਰਾਜ ਕੁਮਾਰ, ਜੋਗਿੰਦਰ ਪਾਲ ਕਾਲ਼ਾ, ਪਿਆਰੇ ਲਾਲ, ਜੱਸੀ ਔਜਲਾ, ਜਸਪਾਲ, ਗੁਰਮੇਲ ਸਿੰਘ ਗੇਲਾ, ਜਗਜੀਵਨ ਰਾਮ, ਪਰਵਿੰਦਰ ਕਾਲ਼ਾ, ਬਿੰਦਰ ਰਾਮ, ਮੁਲਖ਼ ਰਾਜ, ਪਰਦੀਪ ਕੁਮਾਰ, ਦਕਸ਼ ਹੀਬਾ, ਪ੍ਰਭਾਕਰ, ਵਿਸ਼ਾਲ, ਸੰਦੀਪ, ਗੁਲਸ਼ਨ, ਧਰਮਿੰਦਰ ਕੁਮਾਰ, ਪਵਨ ਮਾਓ ਸਾਹਿਬ, ਵਿਜੈ ਮਾਓ ਸਾਹਿਬ, ਸਾਜਨ ਮਾਓ ਸਾਹਿਬ, ਲਵਪ੍ਰੀਤ ਸੰਗੋਵਾਲ, ਬੀਬੀ ਹੰਸ ਕੌਰ, ਸੁਨੀਤਾ ਫਿਲੌਰ, ਸੰਦੀਪ ਕੁਮਾਰੀ ਸਰਪੰਚ ਰਾਮਗੜ੍ਹ, ਅੰਜੂ ਵਿਰਦੀ, ਸਮਰੀਤ, ਕਮਲਜੀਤ ਕੌਰ, ਗੀਤਾ ਰਾਣੀ, ਮਮਤਾ, ਸਰੋਜ ਰਾਣੀ, ਆਰਤੀ, ਸੁਨੀਤਾ ਰਾਣੀ, ਨੀਨਾ ਰਾਣੀ, ਕਮਲ਼ਾ, ਬਿਮਲਾ, ਮਨਦੀਪ ਕੌਰ, ਬਲਜੀਤ ਕੌਰ, ਮੀਤੋ, ਵਿਦਿਆ, ਸੋਨੀਆ ਆਦਿ ਹਾਜ਼ਰ ਸਨ।

# ਪੁਰਾਣੀ ਕਚਹਿਰੀ ਦੇ ਚਾਰੋਂ ਪਾਸੇ ਟਰੈਕ ਬਣਾ ਕੇ ਗ੍ਰੀਨ ਬੈਲਟ ਵਜੋਂ ਕੀਤਾ ਜਾਵੇਗਾ ਵਿਕਸਿਤ - ਬ੍ਰਹਮ ਸ਼ੰਕਰ ਜਿੰਪਾ

## ਵਿਧਾਇਕ ਨੇ ਪੁਰਾਣੀ ਕਚਹਿਰੀ ਤੇ ਪੁਰਾਣੇ ਸਿਵਲ ਸਰਜਨ ਦਫ਼ਤਰ ਦਾ ਕੀਤਾ ਦੌਰਾ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਕਾਸ ਕਾਰਜਾਂ ਨੂੰ ਤੇਜ਼ ਕਰਨ ਅਤੇ ਸ਼ਹਿਰ ਦੀ ਸੁੰਦਰਤਾ ਵਧਾਉਣ ਦੇ ਉਦੇਸ਼ ਨਾਲ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਪੁਰਾਣੀ ਕਚਹਿਰੀ ਅਤੇ ਇਸ ਦੇ ਨਾਲ ਲੱਗਦੇ ਪੁਰਾਣੇ ਸਿਵਲ ਸਰਜਨ ਦਫ਼ਤਰ ਦਾ ਦੌਰਾ ਕੀਤਾ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਐਸ.ਡੀ.ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਵਿਧਾਇਕ ਜਿੰਪਾ ਨੇ ਕਿਹਾ ਕਿ ਕਚਹਿਰੀ ਸ਼ਿਫਟ ਹੋਣ ਅਤੇ ਸਿਵਲ ਸਰਜਨ ਦਫ਼ਤਰ ਦੇ ਹਸਪਤਾਲ ਵਿਚ ਤਬਦੀਲ ਹੋਣ ਤੋਂ ਬਾਅਦ ਪੂਰਾ ਇਲਾਕਾ ਉਜਾੜ ਅਤੇ ਅਣਗੌਲਿਆ ਹੋ ਗਿਆ ਹੈ। ਲੰਬੇ ਸਮੇਂ ਤੋਂ ਬਿਨਾਂ ਦੇਖ-ਰੇਖ ਦੇ ਇਹ ਸਥਾਨ ਹੌਲੀ-ਹੌਲੀ ਜੰਗਲ ਦਾ ਰੂਪ ਲੈ ਰਿਹਾ ਹੈ, ਜੋ ਸ਼ਹਿਰ ਦੇ ਅਕਸ 'ਤੇ ਨਕਾਰਾਤਮਕ ਅਸਰ ਪਾਉਂਦਾ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਜ਼ਮੀਨ ਪੁੱਡਾ ਦੇ ਅਧੀਨ ਹੈ, ਇਸ ਲਈ ਇਸ ਦੀ ਦੇਖ-ਭਾਲ ਅਤੇ ਵਿਕਾਸ ਦੀ ਜ਼ਿੰਮੇਵਾਰੀ ਵੀ ਪੁੱਡਾ ਦੀ ਹੈ। ਵਿਧਾਇਕ ਨੇ ਪੁੱਡਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਇਸ ਕੰਪਲੈਕਸ ਨੂੰ ਆਪਣੀ ਯੋਜਨਾ ਅਨੁਸਾਰ ਵਿਕਸਤ ਕਰਨ। ਭਾਵੇਂ ਕਿਸੇ ਵੱਡੇ ਪ੍ਰੋਜੈਕਟ ਦੀ ਸੰਭਾਵਨਾ ਨਾ ਹੋਵੇ, ਨਿਯਮਿਤ ਸਫਾਈ ਅਤੇ ਰੱਖ-ਰਖਾਅ ਲਾਜ਼ਮੀ ਹੈ ਤਾਂ ਜੋ ਇਹ ਜਗ੍ਹਾ ਅਣਗਹਿਲੀ ਦਾ ਸ਼ਿਕਾਰ ਨਾ ਹੋਵੇ। ਵਿਧਾਇਕ ਜਿੰਪਾ ਨੇ ਕਿਹਾ ਕਿ ਇਸ ਕੈਂਪਸ ਦੇ ਆਲੇ-ਦੁਆਲੇ ਟਰੈਕ ਬਣਾ ਕੇ ਹਰੀ ਪੱਟੀ ਬਣਾਉਣ ਵੱਲ ਠੋਸ ਕਦਮ ਚੁੱਕੇ ਜਾਣਗੇ। ਉਨ੍ਹਾਂ ਕਿਹਾ ਕਿ ਨਗਰ ਨਿਗਮ ਇਸ ਕੰਮ ਵਿਚ ਸਹਿਯੋਗ ਕਰਨ ਲਈ ਤਿਆਰ ਹੈ, ਜਿਸ ਨਾਲ ਨਾਗਰਿਕਾਂ ਨੂੰ ਸਾਫ਼-ਸੁਥਰਾ ਅਤੇ ਹਰਿਆ-ਭਰਿਆ ਵਾਤਾਵਰਨ ਮਿਲੇਗਾ। ਵਿਧਾਇਕ ਨੇ ਕਿਹਾ ਕਿ ਉਹ ਪੰਜਾਬ ਦੇ ਸਿਹਤ ਮੰਤਰੀ ਨੂੰ ਪੱਤਰ ਲਿਖਣਗੇ ਅਤੇ ਪੁਰਾਣੇ ਸਿਵਲ ਸਰਜਨ ਦਫ਼ਤਰ ਨੂੰ ਉਸੇ ਜਗ੍ਹਾ 'ਤੇ ਦੁਬਾਰਾ ਸਥਾਪਿਤ ਕਰਨ ਦੀ ਮੰਗ ਕਰਨਗੇ। ਇਸ ਨਾਲ ਸ਼ਹਿਰ ਵਾਸੀਆਂ ਨੂੰ ਸਿਹਤ ਸੇਵਾਵਾਂ ਨੇੜੇ ਅਤੇ ਪਹੁੰਚਯੋਗ ਬਣ ਜਾਣਗੀਆਂ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁੱਡਾ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਕਿ ਇਸ ਜਗ੍ਹਾ ਨੂੰ ਜਲਦੀ ਤੋਂ ਜਲਦੀ ਸਾਫ਼, ਸੁਰੱਖਿਅਤ ਅਤੇ ਸੰਗਠਿਤ ਬਣਾਇਆ ਜਾਵੇ, ਤਾਂ ਜੋ ਇਸਦੀ ਵਰਤੋਂ ਜਨਤਕ ਹਿੱਤ ਵਿਚ ਬਿਹਤਰ ਢੰਗ ਨਾਲ ਕੀਤੀ ਜਾ ਸਕੇ।

## ਅੱਸੂ ਦੇ ਮਹੀਨੇ ਵਿੱਚ

ਅੱਜ ਅੱਸੂ ਮਹੀਨਾ ਚੜ੍ਹ ਗਿਆ ਏ ,
ਗਰਮੀ ਨੂੰ ਕੁੱਝ ਤਾਂ ਠੱਲ੍ਹ ਪਊ ।
ਜਿੱਦਾਂ ਜੇਠ ਹਾੜ ਵਿੱਚ ਪੈਂਦਾ ਸੀ ,
ਨਾ ਸੋਹਲ ਸਰੀਰ 'ਚ ਸੱਲ ਪਊ ।
ਕਿਰਤੀ ਕਾਮਿਆਂ ਤੇ ਕਿਰਸਾਨਾਂ ਦਾ,
ਇਹ ਪਿੱਟ ਸਿਆਪਾ ਜਾਰੀ ਰਹੇ ;
ਕੰਨਾਂ ਵਿੱਚ ਬੋਲ਼ੀਆਂ ਸਰਕਾਰਾਂ ਦੇ ,
ਗੱਲ ਅੱਜ ਨਹੀਂ ਤਾਂ ਕੱਲ੍ਹ ਪਊ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਤਾਬੀਰ

ਕਿੱਦਾਂ ਦਰ ਤੇ ਢੁੱਕੀਏ ਮਾਹੀ ਦੇ
ਚੋਟਾਂ ਖਾਧਾ ਤਨ- ਸਰੀਰ ਐ ।

ਕਿਤਾਬੀ ਗੱਲਾਂ ਇਹ ਇਸ਼ਕ ਮੁਹੱਬਤ
ਮਸਲਾ ਰੋਟੀ ਦਾ ਗਹਿਰ ਗੰਭੀਰ ਐ।

ਕੰਨ ਪੜਵਾ ਕੇ ਕੀ ਜੋਗੀ ਬਣਨਾ ?
ਕਾਇਆ ਫੱਕਰ ਦੀ ਲੀਰੋ - ਲੀਰ ਐ।

ਛਾਲੇ ਹੱਥਾਂ ਦੇ ਤਦਬੀਰਾਂ ਘੜਦੇ
ਪੈਰੀਂ  ਜ਼ਖ਼ਮ ਸਾਡੀ ਤਕਦੀਰ ਐ।

ਕਲਮ ਫੱਕਰ ਦੀ ਰਹਿਬਰ ਵਰਗੀ
ਮੁੜ ਤੋਂ ਲਿਖਣੇ ਲੇਖ ਸਾਡੀ ਤਾਬੀਰ ਐ।



ਨੀਤੂ

## ਏਰੀਆ ਪੁਆਧ

ਜ਼ਿਲ੍ਹਾ ਰੋਪੜ, ਮੁਹਾਲ਼ੀ,
ਵਿੱਚ ਖਰੜ,ਕੁਰਾਲੀ।
ਪਿਆਰ ਗੈਲ ਹੈ ਸੰਭਾਲੀਂ।
ਬੋਲੀ ਐ ਸਵਾਦ ਜੀ।
ਸਾਰਿਆਂ ਤੋਂ ਘੈਂਟ ਏਰੀਆ ਪੁਆਧ ਜੀ।

ਭਾਗ ਪੂਰਬੀ ਪਟਿਆਲਾ,
ਨੇੜੇ ਜਿਸ ਕੇ ਅੰਬਾਲਾ।
ਬਹੁਤੀ ਕੱਢਦੇ ਨਹੀਂ ਗਾਲਾਂ,
ਪੱਕੇ ਬੇਹਿਸਾਬ ਜੀ।
ਸਾਰਿਆਂ ਤੋਂ ਘੈਂਟ ਏਰੀਆ ਪੁਆਧ ਜੀ।

ਬੋਲੀ ਬੜੀ ਮਿੱਠੀ ਮਾਰੀ,
ਲਗੈ ਮਾਨੂੰ ਬੜੀ ਪਿਆਰੀ।
ਨਾਲ਼ੇ ਸਭ ਤੇ ਨਿਆਰੀ,
ਹੈਗੀ ਐ ਜਨਾਬ ਜੀ।
ਸਾਰਿਆਂ ਤੋਂ ਘੈਂਟ ਏਰੀਆ ਪੁਆਧ ਜੀ।

ਜਿਆਦਾਂ ਫਸਲਾਂ ਨਹੀਂ ਰੱਖੀ,
ਹਾੜ੍ਹੀ ਸਾਉਣੀ ਬੀਜੈਂ ਪੱਕੀ,
ਕਿਤੀ ਕਿਤੀ ਹੋਐ ਮੱਕੀ
ਬਹੁਤਾ ਨਾ ਕਮਾਦ ਜੀ,
ਸਾਰਿਆਂ ਤੋਂ ਸੋਹਣਾ ਏਰੀਆ ਪੁਆਧ ਜੀ।

ਬਹੁਤੇ ਤਕੜੇ ਨਹੀਂ ਚੋਰ।
ਜ਼ਿਆਦਾ ਨਸ਼ਿਆਂ ਕਾ ਨੀ ਜੋਰ
ਗੋਲੀ, ਗੱਪਾ, ਨਾ ਕੋਈ ਹੋਰ,
ਸਸਤੀ ਸ਼ਰਾਬ ਜੀ।
ਸਾਰਿਆਂ ਤੋਂ ਘੈਂਟ ਏਰੀਆ ਪੁਆਧ ਜੀ

ਪੂਰੇ ਲੁੱਟਦੇ ਐਂ ਬੁੱਲੇ,
ਦੁੱਧ-ਵਾਦ ਹੋਐ ਖੁੱਲੇ,
ਕੜੈਂ ਮਾਈਆਂ ਰੱਖ ਚੁੱਲ੍ਹੇ,
ਪੀਕੈ ਬਾਗੋ ਬਾਗ ਜੀ।
ਸਾਰਿਆਂ ਤੋਂ ਘੈਂਟ ਏਰੀਆ ਪੁਆਧ ਜੀ।

ਜਾਣੇਂ ਦੁਨੀਆਂ ਤਮਾਮ,
ਬੜਾ ਖੱਟਿਆ ਐ ਨਾਂਮ।
ਕਵੀ ਹੋਇਆ ਆਸਾਰਾਮ,
ਕੋਈ ਨਾ ਜੁਆਬ ਜੀ।
ਸਾਰਿਆਂ ਚੋਂ ਘੈਂਟ ਏਰੀਆ ਪੁਆਧ ਜੀ

"ਕਾਮੀ ਵਾਲਾ" ਲਿਖੈ ਛੰਦ,
ਰਖੈ ਕਲਮ ਬੁਲੰਦ ,
ਕਰਾਂ ਕੋਰੜੇ ਨੂੰ ਬੰਦ
ਕਹੈ ਖ਼ਾਨ ਸਾਬ੍ਹ ਜੀ।
ਸਾਰਿਆਂ ਤੋਂ ਸੋਹਣਾ ਏਰੀਆ ਪੁਆਧ ਜੀ।




**ਸੁਕਰ ਦੀਨ ਕਾਮੀਂ ਖੁਰਦ**
9592384393

## ਕਲਾਕਾਰ

ਭੀੜ ਪਈ ਤੇ ਮੈਦਾਨ ਵਿੱਚ ਆਣ ਨਿੱਤਰੇ,
ਕਲਾਕਾਰ ਵੀ ਤਾਂ ਯਾਰੋ ਕਲਾਕਾਰ ਨਿੱਕਲੇ
ਪੰਜਾਬੀ ਜ਼ੁਬਾਨ ਨਾਲ, ਜੋ ਪੰਜਾਬ ਚ ਕਮਾਇਆ,
ਪੰਜਾਬੀਆਂ ਦਾ ਧੰਨ ਜੀ ਪੰਜਾਬ ਕੰਮ ਆਇਆ
ਜਿਨ੍ਹਾਂ ਨੂੰ ਸਮਝਿਆ ਵੱਖ ਉਹ ਸਾਡੇ ਨਾਲ ਨਿੱਕਲੇ
ਕਲਾਕਾਰ ਵੀ ਤਾਂ ਯਾਰੋ ਕਲਾਕਾਰ ਨਿੱਕਲੇ
ਹਾਲੀਵੁੱਡ ਤੇ ਬਾਲੀਵੁੱਡ, ਵਾਲੇ ਵੀ ਨਹੀਂ ਭੱਜੇ
ਜ਼ਖਮਾਂ ਤੇ ਮਲਮ ਲਗਾਉਣ ਲਈ ਆਏ ਅੱਗੇ
ਬੰਦੇ ਸਾਰੇ ਆਪਾਂ ਦੇਖੇ ਬੇਮਿਸਾਲ ਨਿੱਕਲੇ
ਕਲਾਕਾਰ ਵੀ ਤਾਂ ਯਾਰੋ ਕਲਾਕਾਰ ਨਿੱਕਲੇ
ਇੰਸਟਾ ਤੇ ਵੀਡੀਉ ਨੰਗੇਜ਼ ਸੀ ਬਣਾਉਂਦੀਆਂ
ਉਹ ਹਰ ਘਰ ਵਿੱਚ ਅੱਜ ਰਾਸ਼ਣ ਪਹੁੰਚਦੀਆ
ਸਾਰੇ ਬਣ ਇੱਕ ਦੂਸਰੇ ਦੀ ਢਾਲ ਨਿੱਕਲੇ
ਕਲਾਕਾਰ ਵੀ ਤਾਂ ਯਾਰੋ ਕਲਾਕਾਰ ਨਿੱਕਲੇ
ਹਰ ਇੱਕ ਆਇਆਂ ਅੱਗੇ ਗੁਰਮੀਤ ਵੱਡਾ ਛੋਟਾ
ਜੋ ਟਾਇਮ ਵਿਚ ਚਲੇ ਨਹੀਂ ਰੁਪਈਆਂ ਹੁੰਦਾ ਖੋਟਾ
ਯੁਟਿਉਬਰ ਵੀ ਕਈ ਬਾਕਮਾਲ ਨਿੱਕਲੇ,,
ਕਲਾਕਾਰ ਵੀ ਤਾਂ ਯਾਰੋ ਕਲਾਕਾਰ ਨਿੱਕਲੇ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**



# ਕੰਪਿਊਟਰ/ ਏ.ਆਈ ਤੇ ਮੌਜੂਦਾ ਦੌਰ ਅੱਗੇ ਚਣੌਤੀਆਂ



ਇਹ ਸੀਮਤ ਟਿੱਪਣੀ ਕਿਸੇ ਦੀ ਫੇਸਬੁੱਕ ਤੇ ਲਿਖੀ ਲਿਖਤ ਦੇ ਪ੍ਰਤਿਕਰਮ 'ਚ ਸੀ।ਵੈਸੇ ਮੈਂ ਡਿਟੇਲ 'ਚ ਤੇਰਾਂ ਚੌਦਾਂ ਕੜੀਆਂ 'ਚ ਪਿਛਲੇ ਸਾਲ ਫੇਸਬੁੱਕ ਤੇ ਲਿਖ ਚੁੱਕਿਆਂ।ਸੋਚ ਰਿਹਾਂ ਇਹਨੂੰ ਚਾਲੀ ਪੰਜਾਹ ਪੇਜ਼ ਦਾ ਕਿਤਾਬੀ ਰੂਪ ਦੇ ਦਿਆਂ।ਸੰਖੇਪ 'ਚ ਇਹੀ ਕਹਾਂਗਾ ਕਿ ਉਤਪਾਦਨ ਦੇ ਸਾਧਨਾਂ ਅੰਦਰ ਕੰਪਿਊਟਰ ਦੇ ਦਖਲ ਨਾਲ ਵੱਡੀ ਇੰਡਸਟਰੀ ਦੀ ਥਾਵੇਂ ਮਾਈਕਰੋ ਇੰਡਸਟਰੀ ਆ ਚੁੱਕੀ ਹੈ।ਬਹੁਤਾ ਕੰਮ ਇੰਡਸਟਰੀਅਲ ਮਜ਼ਦੂਰ ਦੀ ਥਾਂ ਕੰਪਿਊਟਰ ਕਰ ਰਿਹੈ ਜਿਸ ਨਾਲ ਉਤਪਾਦਨ ਦੀ ਬੜੌਤਰੀ ਸਿਖਰ ਵੱਲ ਪਹੁੰਚ ਰਹੀ ਹੈ।ਮਜ਼ਦੂਰ ਹੁਣ ਸਰਵਿਸ ਸੈਕਟਰ ਵੱਲ ਸ਼ਿਫਟ ਹੋ ਰਿਹੈ।ਇਹ ਧਾਰਨਾ ਕਿ ਇਕ ਫੈਕਟਰੀ ਥੱਲੇ ਹਜ਼ਾਰਾਂ ਮਜ਼ਦੂਰ ਕੰਮ ਕਰਦੇ ਸਨ,ਹੁਣ ਇਹ ਧਾਰਨਾ ਨਹੀਂ ਚੱਲੇਗੀ ਤੇ ਨਾ ਹੀ ਕ੍ਰਾਂਤੀ ਦਾ ਹਰਾਵਲ ਦਸਤਾ ਮਜ਼ਦੂਰ ਹੋਵੇਗਾ,ਉਹਦਾ ਭੋਗ ਪੈ ਚੁੱਕਿਐ। ਸਰਵਿਸ ਸੈਕਟਰ ਵੱਧਣ ਨਾਲ ਮਜ਼ਦੂਰ ਵੱਖ ਵੱਖ ਤਬਕਿਆਂ ਅੰਦਰ ਤਬਦੀਲ ਹੋ ਚੁੱਕੇ ਹਨ।ਕਾਰਪੋਰੇਟ ਲਈ ਕੰਮ ਕਰ ਰਹੇ ਘਰਾਂ, ਦਫ਼ਤਰਾਂ ਜਾਂ ਜਿੱਥੇ ਵੀ ਆਊਟਸੋਰਸਿੰਗ ਜਾਂ ਲੈਪਟੌਪ ਤੇ ਬੈਠੇ ਕਿਸੇ ਵੀ ਰੂਪ ਵਿਚ ਕੰਮ ਕਰ ਰਹੇ ਵਰਕਰ ਫੈਕਟਰੀ ਤੋਂ ਦੂਰ ਡਿਜ਼ਟਲੀ ਵਰਤਾਰੇ ਨਾਲ ਜੁੜੇ ਹੋਏ ਕਾਰਪੋਰੇਟ ਦੇ ਮੁਨਾਫ਼ਿਆਂ ਦਾ ਵਾਧਾ ਕਰ ਰਹੇ ਹਨ। ਅੀ ਦੀਆਂ ਮਹੀਨ ਪਰਤਾਂ ਬਾਰੇ ਬੇਸ਼ੱਕ ਮੈਨੂੰ ਹਾਲੇ ਜਾਣਕਾਰੀ ਨਹੀਂ ਹੈ,ਪਰ ਇਹ ਹਰ ਸ਼ੋਹਬੇ ਅੰਦਰ ਆ ਰਹੀ ਹੈ ਜਿਸ ਨਾਲ ਪੁਰਾਣੀ ਪੱਧਤੀ ਦੀਆਂ ਨੌਕਰੀਆਂ ਖਤਮ ਹੋਣਗੀਆਂ ਤੇ ਅੀ ਦੇ ਅਨੁਸਾਰੀ ਨੌਕਰੀਆਂ ਇਜ਼ਾਦ ਹੋ ਰਹੀਆਂ ਹਨ ਤੇ ਹੋਣਗੀਆਂ, ਇਹ ਤੈਅ ਹੈ।


ਇਕ ਹੋਰ ਗੱਲ ਜੋ ਵਾਧੂ ਕਦਰ (surplus value) ਦਾ ਥੀਸਿਸ ਮਜ਼ਦੂਰ ਦੀ ਲੁੱਟ ਤੋਂ ਲਿਆ ਗਿਆ ਸੀ, ਹੁਣ ਇਹ ਮਸ਼ੀਨ ਦੇ ਸੰਦਰਭ ਵਿਚ ਸਮਝਣਾ ਪੈਣੈ। ਹੁਣ ਇਹ ਕਹੀਏ ਕਿ ਲੁੱਟ ਮਸ਼ੀਨ ਦੀ ਹੋ ਰਹੀ ਹੈ?ਨਹੀਂ ਨਾ,ਏਹੀ ਸਮੱਸਿਆ ਹੈ,ਇਹ ਨਵੀਆਂ ਹੋਣੀਆਂ ਸਾਡੇ ਸਾਹਮਣੇ ਨੇ। ਮਜ਼ਦੂਰ ਏਥੇ ਨਦਾਰਦ ਹੈ ਤੇ ਵੱਖ ਵੱਖ ਥਾਵੇਂ ਸਰਵਿਸ ਸੈਕਟਰ 'ਚ ਸ਼ਿਫਟ ਹੋ ਚੁੱਕਿਐ।ਜਿਉਂ ਜਿਉਂ ਅੀ ਉਪਰਲੇ ਪੱਧਰਾਂ ਤੇ ਪਹੁੰਚ ਰਹੀ ਹੈ,ਸਰਵਿਸ ਸੈਕਟਰ ਵਿਚ ਵੀ ਰੋਬੋਟ ਤਿਆਰ ਹੋ ਰਹੇ ਹਨ।ਹੁਣ ਏਥੇ ਕਰਾਈਸਿਸ ਇਹ ਹੈ ਕਿ ਲੱਖਾਂ ਲੋਕ ਕੰਮ ਤੋਂ ਵਿਹਲੇ ਹੋਣਗੇ ਤਾਂ ਉਹ ਕਿਹੜੇ ਪਾਸੇ ਜਾਣਗੇ? ਏਸ ਪ੍ਰਸ਼ਨ ਦਾ ਹੱਲ ਮੌਜੂਦਾ ਸਮਿਆਂ ਅੰਦਰ ਸੋਚਣਾ ਬਣਦਾ ਹੈ। ਚਿੰਤਕ,ਪ੍ਰਗਤੀਸ਼ੀਲ ਤੇ ਹੋਰ ਧਿਰਾਂ ਏਸ ਬਾਰੇ ਕੀ ਪੈਂਤੜਾ ਲੈਂਦੀਆਂ ਨੇ,ਇਹ ਉਹਨਾਂ ਦੀ ਪਹੁੰਚ ਤੇ ਨਿਰਭਰ ਕਰਦੈ।ਅਗਰ ਏਸ ਬਾਰੇ ਚੇਤਨ ਨਾ ਹੋਏ ਤਾਂ ਅਨਾਰਕੀ ਆਵੇਗੀ।ਜ਼ਰੂਰਤ ਹੈ ਸਵੱਸਥ ਵਿਚਾਰਧਾਰਾ ਦੀ ਜੋ ਸਮੇਂ ਦੇ ਹਾਣ ਥਣੀ ਦੀ ਟੱਪ ਕੇ ਵੱਖ ਵੱਖ ਨਵੇਂ ਉਠੇ ਸਮਾਜੀ ਤਬਕਿਆਂ ਤੱਕ ਸੰਗਠਨਾਂ ਤੇ ਸੋਸ਼ਲ ਮੀਡੀਏ ਰਾਹੀਂ ਆਪਣਾ ਨੈਰਿਟਿਵ ਬਿਲਟ ਕਰੇ ਨਹੀਂ ਤਾਂ ਕਾਰਪੋਰੇਟ ਨੇ ਆਪਣੀ ਤੋਰੇ ਤਾਂ ਚੱਲਣਾ ਹੀ ਹੈ ਤੇ ਡੂੰਘਾ ਸੰਕਟ ਤੇ ਅਨਾਰਕੀ ਕਿਸੇ ਵੇਲੇ ਵੀ ਭਿਅੰਕਰ ਰੂਪ ਧਾਰ ਸਕਦੀ ਹੈ।

**ਅਮਰਜੀਤ ਅਰਪਨ**

# ਬਜਵਾੜਾ 'ਚ ਹੋਵੇਗਾ ਸਿੱਖਿਆ ਤੇ ਦੇਸ਼ ਭਗਤੀ ਦਾ ਸੰਗਮ, ਨਗਰ ਨਿਗਮ ਨੇ ਪਾਸ ਕੀਤਾ ਇਤਿਹਾਸਕ ਮਤਾ

## ਚਾਰ ਏਕੜ ਜ਼ਮੀਨ 'ਤੇ ਹੋਵੇਗਾ ਸਕੂਲ ਨਿਰਮਾਣ, 1.1 ਏਕੜ ਜ਼ਮੀਨ 'ਤੇ ਬਣੇਗੀ ਜੰਗੀ ਯਾਦਗਾਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਹੁਸ਼ਿਆਰਪੁਰ ਦੇ ਇਤਿਹਾਸਕ ਪਿੰਡ ਬਜਵਾੜਾ ਅਤੇ ਇਸ ਦੇ ਆਸਪਾਸ ਦੇ ਇਲਾਕਿਆਂ ਦੇ ਬੱਚਿਆਂ ਲਈ ਸਿੱਖਿਆ ਦੇ ਨਵੇਂ ਦਰਵਾਜ਼ੇ ਖੁੱਲ੍ਹਣ ਜਾ ਰਹੇ ਹਨ। ਵਿਧਾਇਕ ਹੁਸ਼ਿਆਰਪੁਰ ਬ੍ਰਹਮ ਸ਼ੰਕਰ ਜ਼ਿੰਪਾ ਨੇ ਕਿਹਾ ਕਿ ਨਗਰ ਨਿਗਮ ਦੀ ਹਾਲ ਹੀ ਵਿਚ ਹੋਈ ਹਾਊਸ ਮੀਟਿੰਗ ਵਿਚ ਇੱਕ ਇਤਿਹਾਸਕ ਮਤਾ ਪਾਸ ਕੀਤਾ ਗਿਆ ਹੈ, ਜਿਸ ਤਹਿਤ ਪਿੰਡ ਬਜਵਾੜਾ ਦੇ ਨਾਲ ਲੱਗਦੀ ਨਗਰ ਨਿਗਮ ਦੀ ਜ਼ਮੀਨ 'ਤੇ ਇਕ ਸਰਕਾਰੀ ਸਕੂਲ ਅਤੇ ਜੰਗੀ ਯਾਦਗਾਰ ਬਣਾਈ ਜਾਵੇਗੀ। ਇਹ ਮਤਾ ਅੰਤਿਮ ਪ੍ਰਵਾਨਗੀ ਲਈ ਸਥਾਨਕ ਸਰਕਾਰਾਂ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ ਭੇਜਿਆ ਗਿਆ ਹੈ ਅਤੇ ਪ੍ਰਵਾਨਗੀ ਮਿਲਣ ਤੋਂ ਬਾਅਦ ਕੰਮ ਜਲਦੀ ਹੀ ਸ਼ੁਰੂ ਕਰ ਦਿੱਤਾ ਜਾਵੇਗਾ।



ਵਿਧਾਇਕ ਜ਼ਿੰਪਾ ਨੇ ਕਿਹਾ ਕਿ ਪਹਿਲਾਂ ਪਿੰਡ ਬਜਵਾੜਾ ਵਿਚ ਇਕ ਸਹਾਇਤਾ ਪ੍ਰਾਪਤ ਸਕੂਲ ਸੀ, ਜੋ ਪਿਛਲੀ ਸਰਕਾਰ ਦੌਰਾਨ ਬੰਦ ਕਰ ਦਿੱਤਾ ਗਿਆ ਸੀ। ਇਸ ਫ਼ੈਸਲੇ ਨਾਲ ਇਲਾਕੇ ਦੇ ਬੱਚਿਆਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਨੇੜੇ-ਤੇੜੇ ਕੋਈ ਵੱਡਾ ਸਕੂਲ ਨਹੀਂ ਬਚਿਆ ਸੀ। ਉਨ੍ਹਾਂ ਕਿਹਾ ਕਿ ਸਿੱਖਿਆ ਹਰ ਬੱਚੇ ਦਾ ਮੁੱਢਲਾ ਅਧਿਕਾਰ ਹੈ ਅਤੇ ਇਸ ਕਮੀ ਨੂੰ ਪੂਰਾ ਕਰਨ ਲਈ ਨਗਰ ਨਿਗਮ ਹਾਊਸ ਕਮੇਟੀ ਨੇ ਇਹ ਮਤਾ ਪਾਸ ਕੀਤਾ ਹੈ। ਹਾਊਸ ਦੀ ਮੀਟਿੰਗ ਵਿਚ ਸਰਬਸੰਮਤੀ ਨਾਲ ਫ਼ੈਸਲਾ ਲਿਆ ਗਿਆ ਕਿ ਜ਼ਿਲ੍ਹਾ ਨਿਆਇਕ ਕੰਪਲੈਕਸ ਦੇ ਨਾਲ ਲੱਗਦੀ ਲੱਗਭਗ ਚਾਰ ਏਕੜ ਨਗਰ ਨਿਗਮ ਦੀ ਜ਼ਮੀਨ 'ਤੇ ਇਕ ਸਰਕਾਰੀ ਸਕੂਲ ਬਣਾਇਆ ਜਾਵੇਗਾ ਅਤੇ 1.1 ਏਕੜ ਜ਼ਮੀਨ 'ਤੇ ਇੱਕ ਜੰਗੀ ਯਾਦਗਾਰ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਉਕਤ ਜਗ੍ਹਾ ਪਿੰਡ ਬਜਵਾੜਾ ਦੇ ਨਾਲ ਲੱਗਦੀ ਹੈ ਅਤੇ ਇਥੇ ਸਰਕਾਰੀ ਸਕੂਲ ਖੁੱਲ੍ਹਣ ਨਾਲ ਬਜਵਾੜਾ ਅਤੇ ਨੇੜਲੇ ਪਿੰਡਾਂ ਦੇ ਬੱਚਿਆਂ ਨੂੰ ਸਿੱਖਿਆ ਦਾ ਇੱਕ ਨਵਾਂ ਕੇਂਦਰ ਮਿਲੇਗਾ। ਇਹ ਜ਼ਮੀਨ ਸਬੰਧਤ ਵਿਭਾਗਾਂ ਨੂੰ 33 ਸਾਲਾਂ ਲਈ ਲੀਜ਼ 'ਤੇ ਦਿੱਤੀ ਜਾਵੇਗੀ ਅਤੇ ਲੀਜ਼ ਦੀ ਰਕਮ ਕੀਮਤ ਅਤੇ ਕਿਰਾਇਆ ਨਿਰਧਾਰਨ ਕਮੇਟੀ ਦੁਆਰਾ ਨਿਰਧਾਰਿਤ ਨਿਯਮਾਂ ਅਨੁਸਾਰ ਤੈਅ ਕੀਤਾ ਜਾਵੇਗਾ। ਜ਼ਿੰਪਾ ਨੇ ਕਿਹਾ ਕਿ ਇਹ ਜੰਗੀ ਯਾਦਗਾਰ ਸ਼ਹੀਦਾਂ ਦੀ ਅਮਰ ਗਾਥਾ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਅਤੇ ਨੌਜਵਾਨਾਂ ਵਿਚ ਦੇਸ਼ ਭਗਤੀ ਦੀ ਭਾਵਨਾ ਭਰਨ ਦਾ ਕੰਮ ਕਰੇਗੀ। ਦੂਜੇ ਪਾਸੇ ਸਰਕਾਰੀ ਸਕੂਲ ਦੇ ਨਿਰਮਾਣ ਨਾਲ ਗਰੀਬ ਅਤੇ ਮੱਧ ਵਰਗ ਦੇ ਪਰਿਵਾਰਾਂ ਦੇ ਬੱਚਿਆਂ ਨੂੰ ਨੇੜੇ-ਤੇੜੇ ਮਿਆਰੀ ਸਿੱਖਿਆ ਉਪਲਬੱਧ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਵੇਲੇ ਪਿੰਡ ਬਜਵਾੜਾ ਵਿਚ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੀ ਉਸਾਰੀ ਵੀ ਚੱਲ ਰਹੀ ਹੈ ਅਤੇ ਇਨ੍ਹਾਂ ਪ੍ਰੋਜੈਕਟਾਂ ਦੇ ਪੂਰਾ ਹੋਣ ਤੋਂ ਬਾਅਦ ਇਹ ਇਲਾਕਾ ਸਿੱਖਿਆ ਅਤੇ ਦੇਸ਼ ਭਗਤੀ ਦਾ ਇਕ ਮਹੱਤਵਪੂਰਨ ਕੇਂਦਰ ਬਣ ਜਾਵੇਗਾ।

# ਵੈਰੀਫਿਕੇਸ਼ਨ

ਸੰਨ 2005 ਜਾਂ 6 ਦੀ ਗੱਲ ਹੈ। ਨੈਸ਼ਨਲ ਟੀ ਵੀ ਦੀਆਂ, ਰਾਤ ਅੱਠ ਵਜੇ ਵਾਲੀਆਂ ਖਬਰਾਂ ਚ, ਇੱਕ ਵਿਅਕਤੀ ਦੀ ਫੋਟੋ ਦਿਖਾ ਕੇ ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜੇ ਕਿਸੇ ਨੂੰ ਇਸ ਵਿਅਕਤੀ ਬਾਰੇ ਕੋਈ ਜਾਣਕਾਰੀ ਹੋਏ ਤਾਂ ਨਜ਼ਦੀਕੀ ਪੁਲਿਸ ਠਾਣੇ ਚ ਇਤਲਾਹ ਦਿੱਤੀ ਜਾਵੇ। ਖਬਰ ਸੁਣਦੇ ਹੀ ਪੱਛਮੀ ਬੰਗਾਲ ਦੇ ਮਸਹੂਰ ਸ਼ਹਿਰ ਕਾਲੀਪੌਂਗ ਚ ਹੜਕੰਪ ਮਚ ਗਿਆ ਸੀ। ਕਿਉਂਕਿ ਇਹ ਵਿਅਕਤੀ ਉੱਥੇ ਦਾ ਜਾਣਿਆਂ ਪਹਿਚਾਣਿਆ ਡਾਕਟਰ ਮਨਿੰਦਰ ਸਿੰਘ ਸੀ। (ਨਕਲੀ ਨਾਮ) ਜੋ ਦਾਹੜੀ-ਵਾਲ ਕਟਵਾ ਕੇ,ਟਿੰਡ ਕਢਵਵਾਈ ਕਈ ਸਾਲਾਂ ਤੋਂ ਉਨ੍ਹਾਂ ਦੀਆਂ ਹਰ ਤਰ੍ਹਾਂ ਦੀਆਂ ਬਿਮਾਰੀਆਂ ਦਾ ਸਫਲ ਇਲਾਜ਼ ਕਰ ਰਿਹਾ ਸੀ। ਪਰ ਅਸਲ ਵਿੱਚ ਉਹ, ਇੰਗਲੈਂਡ ਚ, 11 - 12 ਸਾਲ ਦੀ ਗੋਰੀ ਵਿਦਿਆਰਥਣ ਦਾ ਬਲਾਤਕਾਰੀ ਕਾਤਲ ਵੈਨ ਡਰਾਇਵਰ ਭਗੋੜਾ ਸੀ। ਜੋ ਭੇਸ ਬਦਲ ਕੇ ਇੱਥੇ ਰਹਿ ਰਿਹਾ ਸੀ। ਤੇ ਇੱਥੇ ਵੀ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਿਹਾ ਸੀ। ਆਉਟਲੁੱਕ ਰਸਾਲੇ ਦੀ ਖਬਰ ਮੁਤਾਬਿਕ ਮਨਿੰਦਰ ਸਿੰਘ ਨਾਮ ਦੇ ਇਸ ਬਲਾਤਕਾਰੀ ਕਾਤਿਲ ਨੇ ਕਈ ਦਿਨਾਂ ਤੱਕ ਇਸ ਗੋਰੀ ਕੁੜੀ ਦਾ ਪਿੱਛਾ ਕਰਨ ਉਪਰੰਤ ਘਟਨਾ ਨੂੰ ਅੰਜਾਂਮ ਦਿੱਤਾ ਸੀ। ਉਸ ਨੂੰ ਆਪਣੀ ਇਸ ਕਾਲੀ ਕਰਤੂਤ ਦੇ ਅੰਜਾਂਮ ਬਾਰੇ ਵੀ ਪਤਾ ਸੀ। ਇਸ ਲਈ ਪੁਲਿਸ ਤੋਂ ਬਚਣ ਲਈ, ਉਸਨੂੰ ਜੋ ਫਲਾਇਟ ਮਿਲੀ ਉਸ ਚ ਫਰਾਰ ਹੋ ਕੇ ਵਾਪਸ ਭਾਰਤ ਨੱਠ ਆਇਆ ਸੀ।



ਕਈ ਸਾਲਾਂ ਤੱਕ ਇੰਗਲੈਂਡ ਪੁਲਿਸ ਤੇ ਭਾਰਤੀ ਪੁਲਿਸ ਉਸ ਨੂੰ ਲੱਭਦੀ ਰਹੀ ਸੀ।ਕਈ ਸਾਲਾਂ ਦੇ ਇੰਤਜ਼ਾਰ ਤੋਂ ਬਾਅਦ ਜਦੋਂ ਮ੍ਰਿਤਕ ਬੱਚੀ ਦੇ ਮਾਂ ਬਾਪ ਦਾ ਧੀਰਜ ਜੁਆਬ ਦੇ ਗਿਆ ਤਾਂ ਉਹ ਆਪ ਖੁਦ ਆਪਣੀ ਧੀ ਦੇ ਕਾਤਿਲ ਨੂੰ ਲੱਭਣ ਭਾਰਤ ਆਏ ਸਨ। ਤੇ ਉਹਨਾਂ ਆਪਣੀ ਧੀ ਦੇ ਕਾਤਿਲ ਨੂੰ ਲੱਭ ਲਿਆ ਸੀ।

ਇਸ ਮਨਿੰਦਰ ਸਿੰਘ ਦੇ ਸਾਰੇ ਡਾਕੂਮੈਂਟ ਤੇ ਹਰ ਪਹਿਚਾਣ ਭਾਰਤੀ ਤੇ ਇੰਗਲੈਂਡ ਦੇ ਏਅਰ ਪੋਰਟਾਂ ਦੇ ਨਾਲ ਇੰਗਲੈਂਡ ਦੇ ਇੰਮੀਗਰੇਸ਼ਨ ਵਿਭਾਗ ਵਿੱਚ ਵੀ ਸੁਰੱਖਿਅਤ ਪਈ ਹੋਈ ਸੀ। ਫਿਰ ਵੀ ਉਹ ਗੁਨਾਹ ਕਰ ਕੇ ਫ਼ਰਾਰ ਹੀ ਨਹੀਂ ਹੋਇਆ ਬੱਲਕਿ ਕਈ ਸਾਲਾਂ ਤੱਕ ਪੁਲਿਸ ਦੀ ਨਜ਼ਰ ਤੋਂ ਵੀ ਬਚਿਆ ਰਿਹਾ, ਤੇ ਹੋਰ ਪਤਾ ਨਹੀਂ ਕਿੰਨੇ ਸਾਲਾਂ ਤੱਕ ਬਚਿਆ ਰਹਿੰਦਾ ਜੇ ਮ੍ਰਿਤਕ ਕੁੜੀ ਦਾ ਪਰਿਵਾਰ ਇੱਥੇ ਤੱਕ ਪਹੁੰਚ ਨਾ ਕਰਦਾ। ਸੰਨ 2005 ਵਿੱਚ ਮੈ ਸਿੰਘਾਪੁਰ ਚ ਸਕਿਊਰਟੀ ਗਾਰਡ ਦੀ ਨੋਕਰੀ ਕਰਦਾ ਸੀ। ਸਿੰਘਾਪੁਰ ਚ ਉਸ ਸਮੇਂ ਦਿੱਲੀ ਤੋਂ ਪ੍ਰਕਾਸ਼ਿਤ ਹੁੰਦੇ ਦੋ ਰਸਾਲੇ ਇੰਡੀਆ ਟੂਡੇ ਤੇ ਆਊਟਲੁੱਕ ਮਿਲਦੇ ਸਨ। ਤੇ ਮੈਂ ਇਹ ਦੋਨੋ ਰਸਾਲੇ, ਹਰ ਮਹੀਨੇ ਜਰੂਰ ਪੜਿਆ ਕਰਦਾ ਸੀ।ਜਦੋਂ ਇੱਕ ਦਿਨ ਮੈਂ ਆਊਟਲੁੱਕ ਰਸਾਲੇ ਚ ਇਹ ਖਬਰ ਪੜ੍ਹੀ ਤਾਂ ਮੈਂ ਰਸਾਲਾ ਆਪਣੇ ਸਾਥੀ ਗਾਰਡ ਈਗਨ ਛਤਰੀ ਅੱਗੇ ਕਰ ਦਿੱਤਾ। ਉਸ ਕੰਮ ਤੇ ਮੇਰੇ ਛੇ ਸਾਥੀ ਗਾਰਡ ਕਾਲੀਪੌਂਗ ਤੋਂ ਹੀ ਸਨ।ਤੇ ਮੇਰੀ ਕੰਪਣੀ ਚ ਨੱਬੇ ਸਕਿਊਰਟੀ ਗਾਰਡਾਂ ਵਿੱਚੋਂ ਅੱਸੀ ਗਾਰਡ ਕਾਲੀਪੌਂਗ ਤੋਂ ਸਨ। ਇਹਨਾਂ ਗੋਰਖਾ ਗਾਰਡਾਂ ਵਿੱਚੋਂ ਜਿਆਦਾਤਰ ਗਾਰਡਾਂ ਦੇ ਪਰਿਵਾਰ ਕਈ ਸਾਲਾਂ ਤੋਂ ਇਸ ਨਕਲੀ ਡਾਕਟਰ ਤੋਂ ਆਪਣਾ ਇਲਾਜ਼ ਕਰਵਾਉਦੇ ਆ ਰਹੇ ਸਨ।

**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

# ਅਸੀਂ ਛੋਟੀਆਂ ਬਿਮਾਰੀਆਂ ਲਈ ਵੱਡੇ ਡਾਕਟਰਾਂ ਕੋਲ਼ ਕਿਉਂ ਚਲੇ ਜਾਂਦੇ ਹਾਂ?

ਕੁੱਝ ਮਹੀਨੇ ਪਹਿਲਾਂ ਮੈਨੂੰ ਆਪਣੇ ਮੋਢੇ ਵਿੱਚ ਥੋੜ੍ਹਾ ਦਰਦ ਮਹਿਸੂਸ ਹੋਇਆ। ਉਹਨਾਂ ਦਿਨਾਂ ਵਿੱਚ ਸਰਦੀਆਂ ਸ਼ੁਰੂ ਹੋਣ ਵਾਲੀਆਂ ਸਨ। ਹੌਲ਼ੀ ਹੌਲ਼ੀ ਇਹ ਮਾਮੂਲੀ ਜਿਹਾ ਦਰਦ ਮੋਢੇ ਤੋਂ ਪੂਰੀ ਬਾਂਹ ਵਿੱਚ ਹੋਣ ਲੱਗਾ ਅਤੇ ਫ਼ਿਰ ਇਕ ਬਾਂਹ ਤੋਂ ਦੂਜੀ ਬਾਂਹ ਵਿੱਚ ਵੀ ਹੋਣ ਲੱਗਾ।ਕਿਉਂਕਿ ਮੈਂ ਉਹਨਾਂ ਦਿਨਾਂ ਚ ਇਕ ਜ਼ਿਮ ਜੁਆਇੰਨ ਕੀਤਾ ਹੋਇਆ ਸੀ। ਸੋ ਮੈਨੂੰ ਲੱਗਾ ਕਿ ਜ਼ਿਆਦਾ ਭਾਰ ਚੱਕਣ ਕਰਕੇ ਅਜਿਹਾ ਹੋਇਆ ਹੋਵੇਗਾ। ਹੌਲ਼ੀ ਹੌਲ਼ੀ ਦਰਦ ਏਨਾ ਜ਼ਿਆਦਾ ਵੱਧ ਗਿਆ ਕਿ ਮੇਰੇ ਤੋਂ ਬਾਂਹ ਚੁੱਕਣੀ ਮੁਸ਼ਕਿਲ ਹੋ ਗਈ। ਮੈਨੂੰ ਜ਼ਿੰਮ ਵੀ ਛੱਡਣਾ ਪਿਆ। ਸ਼ੁਰੂਆਤੀ ਸਮੇਂ ਮੈਂ ਮਹੀਨਾ ਕੁ ਪੇਨ ਕਿੱਲਰ ਖਾਂਦਾ ਰਿਹਾ। ਪਰ ਦਰਦ ਨਾ ਘਟਿਆ। ਫ਼ਿਰ ਮੈਂ ਇਸ ਬਾਬਤ ਹੱਡੀਆਂ ਦੇ ਸਪੈਸ਼ਲਿਸਟ ਡਾਕਟਰ ਕੋਲ ਗਿਆ। ਉਹਨਾਂ ਕਿਹਾ ਕਿ ਤੁਹਾਡੇ ਮੋਢੇ ਜ਼ਾਮ ਹੋ ਰਹੇ ਨੇ। ਘੱਟੋ ਘੱਟ ਤਿੰਨ ਮਹੀਨੇ ਦਵਾਈ ਖਾਣੀ ਪਵੇਗੀ। ਉਹਨਾਂ ਮੈਨੂੰ ਜ਼ਿੰਮ ਤੋਂ ਬਿਲਕੁੱਲ ਰੋਕ ਦਿੱਤਾ। ਮਾੜਾ ਜਿਹਾ ਵੀ ਭਾਰ ਚੱਕਣ ਤੋਂ ਰੋਕ ਦਿੱਤਾ। ਮੋਢਿਆਂ ਲਈ ਇਕ ਬੈਲਟ ਲਗਾ ਕੇ ਰੱਖਣ ਲਈ ਦਿੱਤੀ ਅਤੇ ਕਿਹਾ ਕਿ ਮੋਢਾ ਬਿਲਕੁੱਲ ਨਹੀਂ ਹਲਾਉਣਾ। ਲੱਗਭੱਗ 2 ਮਹੀਨੇ ਦਵਾਈ ਖਾਣ ਬਾਦ ਵੀ ਮੈਨੂੰ ਕੋਈ ਫ਼ਰਕ ਨਾ ਪਿਆ। ਮੈਂ ਹੋਰ ਡਾਕਟਰ ਬਦਲਿਆ। ਉਸ ਨਾਮੀ ਡਾਕਟਰ ਨੇ ਐਕਸਰੇ ਕਰਵਾਉਣ ਤੋਂ ਬਾਦ ਸਪਾਇਨ ਦੀ ਪ੍ਰਾਬਲਮ ਕਹਿ ਕੇ ਐੱਮ ਆਈ ਆਰ ਕਰਵਾਉਣ ਲਈ ਵੀ ਕਿਹਾ। ਜਿਸਦੀ ਰਿਪੋਰਟ ਨਾਰਮਲ ਆਈ। ਡਾਕਟਰ ਨੇ ਕੁੱਝ ਦਿਨਾਂ ਦੀ ਫਿਜ਼ੀਓਥਰੈਪੀ ਦੱਸੀ ਅਤੇ ਮਲਟੀਵਿਟਾਮਿਨ ਸਮੇਤ ਇਕ ਮਹੀਨੇ ਦੀ ਦਵਾਈ ਦੇ ਕੇ ਕਿਹਾ ਕਿ ਤੁਸੀਂ ਜ਼ਿੰਮ ਨਹੀਂ ਬੰਦ ਕਰਨਾ ਸੀ। ਇਸ ਨਾਲ ਤਾਂ ਤੁਹਾਡੇ ਮੋਢੇ ਦੀ ਹਰਕਤ ਬੰਦ ਹੋ ਗਈ ਅਤੇ ਤੁਹਾਡੀ ਪ੍ਰਾਬਲਮ ਹੋਰ ਵੱਧ ਗਈ ਹੈ। ਹੁਣ ਦੋ ਮਹੀਨੇ ਦਵਾਈ ਖਾਓ, ਠੀਕ ਹੋ ਜਾਓਗੇ।

ਪਰ ਇਕ ਦੋ ਮਹੀਨੇ ਦੀ ਦਵਾਈ ਖਾਣ ਤੋਂ ਬਾਅਦ ਵੀ ਮੇਰੀ ਸਮੱਸਿਆ ਜਿਉਂ ਦੀ ਤਿਉਂ ਬਣੀ ਰਹੀ। ਅਖ਼ੀਰ ਮੈਂ ਇਕ ਸਾਧਾਰਨ ਡਾਕਟਰ ਨੂੰ ਕਿਸੇ ਦੇ ਕਹਿਣ ਤੇ ਦਿਖਾਇਆ। ਉਹਨਾਂ ਨੇ ਮੈਨੂੰ ਕੁੱਝ ਦਰਦ ਤੋਂ ਰਾਹਤ ਦੇਣ ਵਾਲੀਆਂ ਦਵਾਈਆਂ ਦਿੱਤੀਆਂ ਅਤੇ ਕੁੱਝ ਕਸਰਤਾਂ ਦੱਸੀਆਂ। ਮਹੀਨਾ ਕੁ ਦਵਾਈ ਖਾਣ ਮਗਰੋਂ ਮੇਰਾ ਦਰਦ ਬਿਲਕੁੱਲ ਠੀਕ ਹੋ ਗਿਆ। ਮੈਂ ਵਾਹਿਗੁਰੂ ਦਾ ਸ਼ੁਕਰ ਮਨਾਇਆ।

ਵਰਤਮਾਨ ਸਮੇਂ ਵਿੱਚ ਇਹ ਬਿਰਤਾਂਤ ਸਾਡੇ ਸਭ ਨਾਲ ਆਮ ਤੌਰ ਤੇ ਵਾਪਰ ਰਿਹਾ ਹੈ। ਅਸੀਂ ਮਾਮੂਲੀ ਅਤੇ ਛੋਟੀਆਂ ਸਿਹਤ ਸਮੱਸਿਆਵਾਂ ਲਈ ਵੀ ਸਪੈਸ਼ਲਿਸਟਾਂ ਕੋਲ ਚਲੇ ਜਾਂਦੇ ਹਾਂ। ਜਦਕਿ ਉਹ ਸਮੱਸਿਆ ਆਮ ਡਾਕਟਰ ਤੋਂ ਵੀ ਆਸਾਨੀ ਨਾਲ ਸਹੀ ਹੋ ਸਕਦੀ ਸੀ। ਅਕਸਰ ਇਹ ਵੇਖਿਆ ਗਿਆ ਹੈ ਕਿ ਸਪੈਸ਼ਲਿਸਟ ਡਾਕਟਰ ਕੁੱਝ ਬਿਮਾਰੀਆਂ ਦੇ ਤਾਂ ਮਾਹਿਰ ਹੁੰਦੇ ਨੇ ਪਰ ਸਾਰੀਆਂ ਬਿਮਾਰੀਆਂ ਬਾਰੇ ਉਹਨਾਂ ਨੂੰ ਜਾਣਕਾਰੀ ਨਹੀਂ ਹੁੰਦੀ। ਜਦਕਿ ਆਮ ਡਾਕਟਰਾਂ ਬਹੁਤ ਸਾਰੀਆਂ ਬਿਮਾਰੀਆਂ ਬਾਰੇ ਤਜ਼ਰਬੇਕਾਰ ਹੁੰਦੇ ਹਨ। ਜੇਕਰ ਉਹਨਾਂ ਨੂੰ ਲੱਗਦਾ ਹੈ ਕਿ ਕਿਸੇ ਬਿਮਾਰੀ ਦਾ ਇਲਾਜ਼ ਉਹਨਾਂ ਦੇ ਵੱਸ ਦੀ ਗੱਲ ਨਹੀਂ ਤਾਂ ਉਹ ਮਾਹਿਰ ਡਾਕਟਰ ਨੂੰ ਰੈਫਰ ਕਰ ਦਿੰਦੇ ਹਨ। ਮਨੁੱਖੀ ਸਰੀਰ ਇਕ ਰਹੱਸ ਹੈ ਅਤੇ ਬਹੁਤ ਸਾਰੀਆਂ ਬਿਮਾਰੀਆਂ ਸਪੈਸ਼ਲਿਸਟਾਂ ਨੂੰ ਵੀ ਸਮਝ ਨਹੀਂ ਆਉਂਦੀਆਂ ਅਤੇ ਉਹ ਤਜ਼ਰਬੇ ਕਰਦੇ ਰਹਿੰਦੇ ਹਨ। ਭਾਂਵੇ ਸਪੈਸ਼ਲਿਸਟਾਂ ਕੋਲ ਕਿਸੇ ਸਪੈਸ਼ਲ ਬਿਮਾਰੀ ਦਾ ਤਾਂ ਪੂਰਾ ਤਜ਼ਰਬਾ ਹੁੰਦਾ ਹੈ।ਪਰ ਇਕ ਆਮ ਅਤੇ ਮਾਮੂਲੀ ਬਿਮਾਰੀ ਬਾਰੇ ਉਹਨਾਂ ਨੂੰ ਪੂਰੀ ਜਾਣਕਾਰੀ ਨਹੀਂ ਹੁੰਦੀ। ਹਰ ਇਕ ਬਿਮਾਰੀ ਦਾ ਇਲਾਜ਼ ਉਹਨਾਂ ਦੇ ਵੱਸ ਨਹੀਂ ਹੁੰਦਾ ਅਤੇ ਉਹ ਮਰੀਜ਼ ਤੇ ਤਜ਼ਰਬੇ ਕਰਦੇ ਹਨ।

ਸਾਡੇ ਭਾਰਤੀ ਸਮਾਜ ਲਈ ਇਹ ਇਕ ਚਿੰਤਾਜਨਕ ਵਿਸ਼ਾ ਹੈ ਕਿ ਅਸੀਂ ਮਾਮੂਲੀ ਬਿਮਾਰੀ ਲਈ ਸਪੈਸ਼ਲਿਸਟ ਕੋਲ ਜਾਣਾ ਆਪਣੀ ਸ਼ਾਨ ਸਮਝਦੇ ਹਾਂ। ਜਦਕਿ ਬਾਹਰਲੇ ਦੇਸ਼ਾਂ ਵਿੱਚ ਮਾਮੂਲੀ ਸਪੈਸ਼ਲਿਸਟ ਮਹਿੰਗੇ ਟੈਸਟਾਂ ਅਤੇ ਦਵਾਈਆਂ ਨਾਲ ਸਾਡਾ ਇਲਾਜ਼ ਕਰਦੇ ਹਨ, ਫੇਰ ਸਾਨੂੰ ਸੰਤੁਸ਼ਟੀ ਹੁੰਦੀ ਹੈ। ਬਿਮਾਰੀਆਂ ਲਈ ਆਮ ਡਾਕਟਰ ਜਾਂ ਪ੍ਰਾਇਮਰੀ ਹੈਲਥ ਸੈਂਟਰ ਵਿੱਚ ਹੀ ਜਾਣਾ ਪੈਂਦਾ ਹੈ। ਆਮ ਡਾਕਟਰ ਦੁਆਰਾ ਰੈਫਰ ਤੋਂ ਬਿਨ੍ਹਾਂ ਸਪੈਸ਼ਲਿਸਟ ਨੂੰ ਮਿਲਣ ਦੀ ਇਜ਼ਾਜ਼ਤ ਨਹੀਂ ਹੁੰਦੀ। ਪਰ ਸਾਡੇ ਦੇਸ਼ ਵਿੱਚ ਪਤਾ ਨਹੀਂ ਕਿਉਂ ਅਸੀਂ ਮਾਮੂਲੀ ਬਿਮਾਰੀਆਂ ਲਈ ਵੀ ਸਪੈਸ਼ਲਿਸਟ ਕੋਲ ਚਲੇ ਜਾਂਦੇ ਹਾਂ ਅਤੇ ਜਦੋਂ ਕਿ ਚਾਹੀਦਾ ਇਹ ਹੈ ਕਿ ਸ਼ੁਰੂਆਤ ਵਿੱਚ ਅਸੀਂ ਆਮ ਡਾਕਟਰ ਦੀ ਹੀ ਸਲਾਹ ਲਈਏ।




ਚਰਨਜੀਤ ਸਿੰਘ ਮੁਕਤਸਰ,
ਸੈਂਟਰ ਹੈੱਡ
ਟੀਚਰ,ਸਰਕਾਰੀ ਪ੍ਰਾਇਮਰੀ
ਸਕੂਲ ਝਬੇਲਵਾਲੀ,
ਜਿਲ੍ਹਾ ਸ੍ਰੀ ਮੁਕਤਸਰ
ਸਾਹਿਬ,
ਮੋਬਾਇਲ ਨੰਬਰ-
9501300716

# ਇਕੋ ਢਿੱਡੋਂ ਜੰਮੀਆਂ

ਵੇ ਪੁੱਤ ਤੇਰੇ ਲਾਗੇ ਜਿਹੜਾ ਆਹ ਬੈਂਕ ਏ ਕਿੰਨੇ ਕੁ ਵਜੇ ਖੁੱਲੇਗਾ..ਰਿਕਸ਼ੇ ਤੇ ਬੈਠੀ ਮਾਤਾ ਨੇ ਮੈਨੂੰ ਸਵਾਲ ਕੀਤਾ...ਮੈਂ ਸਵੇਰੇ ਸਵੇਰ ਟਾਈਮ ਕੋਈ ਸੱਤ ਕੁ ਵਜੇ ਦਾ ਸੀ...ਝਾੜੂ ਮਾਂਜਾ ਕਰ ਰਿਹਾ ਸੀ ਆਪਣੀਂ ਦੁਕਾਨ ਤੇ...ਮੇਰੇ ਲਾਗੇ ਇਕ ਪ੍ਰਾਈਵੇਟ ਬੈਂਕ ਸੀ...ਮੈ ਕਿਹਾ ਮਾਤਾ ਜੀ ਇਹ ਤਾਂ ਕੋਈ ਦਸ ਕੁ ਵਜੇ ਤੋਂ ਪਹਿਲਾਂ ਨਹੀਂ ਖੁੱਲੇਗਾ...ਤੁਹਾਨੂੰ ਕਿਹੜਾ ਜਰੂਰੀ ਕੰਮ ਹੈ...ਕੀ ਤੁਸੀਂ ਇੰਨੇ ਟਾਈਮ ਨਾਲ ਹੀ ਬੈਂਕ ਆ ਗਏ ...ਵੇ ਪੁੱਤ ਮੈਂ ਤੈਨੂੰ ਤੇਰੇ ਕੋਲ ਬਹਿ ਕੇ ਦੱਸਦੀ ਆਂ...ਕੰਮ ਬੜਾ ਡੂੰਘਾ ਹੈ...ਮਾਤਾ ਨੇ ਰਿਕਸ਼ੇ ਵਾਲੇ ਨੂੰ ਵੀਹ ਰੁਪਏ ਦਿੱਤੇ ਤੇ ਕਿਹਾ...ਤੂੰ ਜਾ ਮੈਂ ਆਪੇ ਆ ਜਾਵਾਂਗੀ...ਮੈਂ ਮਾਤਾ ਜੀ ਨੂੰ ਚਾਹ ਪਾਣੀ ਪੁੱਛਿਆ ਅਤੇ ਕੁਰਸੀ ਤੇ ਬਿਠਾ ਦਿੱਤਾ...ਤੇ ਕਿਹਾ ਮਾਤਾ ਜੀ ਤੁਸੀਂ ਘਬਰਾਓ ਨਾਂ ਬੇਫਿਕਰ ਹੋ ਕੇ ਮੈਨੂੰ ਪੂਰੀ ਗੱਲ ਦੱਸੋ। ਮਾਤਾ ਵੇ ਪੁੱਤ ਮੈਨੂੰ ਤਾਂ ਸਾਰੀ ਰਾਤ ਨੀਂਦ ਨਹੀਂ ਆਈ...ਕਿਉਂ ਮਾਤਾ ਜੀ...ਪੁੱਤ ਕੱਲ ਮੈਂ ਇਸ ਬੈਂਕ ਵਿੱਚ ਖਾਤਾ ਖੁਲਵਾ ਕੇ ਗਈ ਸਾਂ...ਪੁੱਤਾਂ ਨੇ ਜਮੀਨ ਦੀ ਵੰਡ ਕੀਤੀ ਸੀ। ਅਤੇ ਮੇਰੇ ਹਿੱਸੇ ਤਿੰਨ ਲੱਖ ਰੁਪਈਆ ਆਇਆ ਸੀ...ਸੋਚਿਆ ਉਸ ਨੂੰ ਬੈਂਕ ਵਿੱਚ ਜਮਾਂ ਕਰਵਾ ਦੇਵਾਂ...ਅਤੇ ਬੈਂਕ ਵਾਲਿਆਂ ਨੇ ਮੈਨੂੰ ਪੁੱਛਿਆ ਕੀ ਤੁਸੀਂ ਆਪਣੇ ਪੈਸਿਆਂ ਦੇ ਵਾਰਸ ਕਿਸ ਨੂੰ ਬਣਾਓਗੇ...ਮੇਰੀਆਂ ਦੋ ਕੁੜੀਆਂ ਤੇ ਦੋ ਮੁੰਡੇ ਨੇ ਸਾਰੇ ਹੀ ਵਿਆਹੇ ਨੇ...ਮੈ ਸੋਚਿਆ ਕੀ ਵੱਡੀ ਕੁੜੀ ਦਾ ਹੀ ਨਾਮ ਲਿਖਵਾ ਦੇਵਾਂ...ਤੇ ਮੈਂ ਉਸਦਾ ਨਾਮ ਲਿਖਵਾ ਦਿੱਤਾ ਆਪਣੇ ਬੈਂਕ ਖਾਤੇ ਵਿੱਚ।ਪਰ ਮੈਂ ਜਦੋਂ ਰਾਤ ਨੂੰ ਸੁੱਤੀ ਪਈ ਸਾਂ ਤਾਂ...ਫਿਰ ਮੈਨੂੰ ਖਿਆਲ ਆਇਆ ਕੀ...ਮੇਰੀ ਵੱਡੀ ਧੀ ਉਹ ਤਾਂ ਬਹੁਤ ਹੀ ਵੱਡੇ ਘਰ ਵਿਆਹੀ ਏ...ਉਸਦੇ ਕੋਲ ਤਾਂ ਜਾਇਦਾਤ ਪਹਿਲਾਂ ਹੀ ਬਹੁਤ ਏ...ਤੇ ਮੇਰਾ ਹਾਲ ਚਾਲ ਵੀ ਮੇਰੇ ਮੁੰਡਿਆਂ ਵਾਂਗੂ ਘੱਟ ਹੀ ਪੁੱਛਦੀ ਹੈ...ਮੈਨੂੰ ਮਿਲਣ ਵੀ ਬਹੁਤ ਘੱਟ ਆਉਂਦੀ ਏ...ਤੇ ਨਾਂ ਹੀਂ ਮੇਰੇ ਲਈ ਸੂਟ ਜਾਂ ਹੋਰ ਕੋਈ ਚੀਜ਼ ਲਿਆਉਂਦੀ ਹੈ...ਪਰ ਜਿਹੜੀ ਮੇਰੀ ਛੋਟੀ ਧੀ ਹੈ...ਉਹ ਬਹੁਤ ਹੀ ਗਰੀਬ ਘਰ ਵਿਆਹੀ ਏ...ਪਰ ਮੇਰਾ ਖਿਆਲ ਬਹੁਤ ਰੱਖਦੀ ਏ...ਤੇ ਜਦੋਂ ਵੀ ਆਉਂਦੀ ਹੈ ਮੇਰੇ ਲਈ ਕੁੱਝ ਨਾਂ ਕੁੱਝ ਲੈ ਕੇ ਹੀ ਆਉਂਦੀ ਹੈ...ਤੇ ਜਾਂਣ ਲੱਗਿਆ ਮੈਨੂੰ ਦੋ ਤਿੰਨ ਸੋ ਰੁਪਏ ਦੇ ਕੇ ਵੀ ਜਾਂਦੀ ਹੈ। ਜਦ ਕਿ ਮੈਨੂੰ ਦੇਣੇ ਚਾਹੀਦੇ ਨੇ ਉਸਨੂੰ.. ਜਦੋਂ ਉਹਦਾ ਪਿਓ ਸਿਰ ਤੇ ਹੁੰਦਾ ਸੀ ਤਾਂ...ਧੀਆਂ ਨੂੰ ਖਾਲੀ ਹੱਥ ਨਹੀਂ ਸੀ ਤੋਰਦਾ ਹੁੰਦਾ...

ਇਹੋ ਸੋਚ ਕੇ ਮੈਨੂੰ ਸਾਰੀ ਰਾਤ ਨੀਂਦ ਨਹੀਂ ਆਈ...

ਇਸ ਲਈ ਪੁੱਤ ਮੈਂ ਵੱਡੀ ਕੁੜੀ ਦਾ ਨਾਂਮ ਕਟਵਾ ਕੇ ਛੋਟੀ ਕੁੜੀ ਦਾ ਨਾਂਮ ਲਿਖਵਾਉਣਾਂ ਏਂ ਆਪਣੇ ਖਾਤੇ ਵਿੱਚ...ਤਾਂ ਜੋ ਮੇਰੇ ਮਰਨ ਪਿੱਛੋਂ ਮੇਰੇ ਪੈਸਿਆਂ ਦੀ ਵਾਰਸ ਛੋਟੀ ਕੁੜੀ ਹੋ ਸਕੇ...ਜੋ ਉਹ ਮੇਰੇ ਨਾਲ ਕਰਦੀ ਹੈ...ਸ਼ਾਇਦ ਮੈਂ ਮਰ ਕੇ ਉਹਦੇ ਲਈ ਕੁੱਝ ਨਾਂ ਕੁੱਝ ਕਰ ਜਾਵਾਂ...ਮਾਤਾ ਦੀ ਇਹ ਗੱਲ ਸੁਣ ਕੇ ਜਿਵੇਂ ਕੀ...ਮੇਰੇ ਕਾਲਜੇ ਵਿੱਚੋਂ ਰੁੱਗ ਹੀ ਭਰਿਆ ਗਿਆ ਹੋਵੇ...ਅਤੇ ਮੈਂ ਉਸੇ ਵੇਲੇ ਜਿਸ ਨੇ ਖਾਤਾ ਖੋਲਿਆ ਸੀ...ਉਸ ਨੂੰ ਫੋਨ ਕੀਤਾ ਤੇ ਉਸ ਨੂੰ ਸਾਰੀ ਗੱਲਬਾਤ ਦੱਸੀ...ਉਸਨੇ ਕਿਹਾ ਕੋਈ ਗੱਲ ਨਹੀਂ ਅਜੇ ਖਾਤਾ ਨਹੀਂ ਖੁੱਲਿਆ...ਮੈਂ ਦਸ ਵਜੇ ਤੱਕ ਆ ਕੇ ਨਾਂਮ ਸਹੀ ਕਰ ਦੇਵਾਂਗਾ...ਫਿਰ ਮੈਂ ਮਾਤਾ ਜੀ ਨੂੰ ਕਿਹਾ ਮਾਤਾ ਜੀ ਤੁਸੀਂ ਫਿਕਰ ਨਾਂ ਕਰੋ... ਬੈਂਕ ਵਾਲੇ ਕਹਿੰਦਾ ਏ ਮੈਂ ਆਣ ਕੇ ਸਭ ਸਹੀ ਕਰ ਦੇਵਾਂਗਾ...ਅਤੇ ਉਸ ਤੋਂ ਬਾਅਦ ਤੁਹਾਡੀ ਛੋਟੀ ਕੁੜੀ ਹੀ ਤੁਹਾਡੇ ਪੈਸਿਆਂ ਦੀ ਵਾਲੀ ਵਾਰਸ ਹੋਵੇਗੀ...ਤੇ ਮਾਤਾ ਨੇ ਮੈਨੂੰ ਕਿਹਾ...ਵੇ ਪੁੱਤ ਤੂੰ ਜੁੱਗ-ਜੁੱਗ ਜੀਵੇ ਤੂੰ ਤਾਂ ਮੇਰੇ ਸਿਰ ਤੋਂ ਭਾਰ ਹੀ ਉਤਾਰ ਦਿੱਤਾ ਏ... ਰੱਬ ਤੇਰਾ ਭਲਾ ਕਰੇ। ਫਿਰ ਮੈਂ ਸੋਚਣ ਲੱਗਾ ਹੇ ਰੱਬਾ ਤੇਰੀ ਕਿਹੋ ਜੇਹੀ ਲੀਲਾ ਏ...ਇੱਕੋ ਢਿੱਡੋਂ ਜੰਮੀਆਂ..ਦੀ ਤੂੰ ਕਿਸਮਤ ਕਿਹੜੇ ਹਿਸਾਬ ਨਾਲ ਲਿਖਦਾਂ ਏਂ...ਇਹ ਤਾਂ ਤੂੰ ਹੀ ਜਾਂਣਦਾ ਏਂ...ਪਰ ਮੈਨੂੰ ਪਤਾ ਹੈ ਤੂੰ ਕਿਸੇ ਦਾ ਵੀ ਮਾੜਾ ਨਹੀਂ ਕਰ ਸਕਦਾ ਰੱਬਾ॥।



ਸਰਤਾਜ ਸਿੰਘ ਸੰਧੂ
ਪਿੰਡ ਰਣੀਕੇ
ਜ਼ਿਲਾ ਅੰਮ੍ਰਿਤਸਰ

## ਮੇਰਾ ਪਹਿਲਾ ਪਿਆਰ

ਮੇਰਾ ਪਹਿਲਾ ਪਿਆਰ ਮੇਰੀ ਮਾਂ
ਠੰਡੀ ਮਿੱਠੀ ਹੈ ਉਸ ਦੇ ਬੁੱਕਲ ਦੀ ਛਾਂ ।
ਛੋਟੇ ਹੁੰਦਿਆਂ ਬੜੇ ਲਾਡ ਲਡਾਏ ,
ਗਿੱਲੀ ਥਾਂ ਆਪ ਸੌਂ , ਮੈਨੂੰ ਸੁੱਕੀ ਥਾਂ ਪਾਏ
ਜੇ ਰੁੱਸ ਜਾ ਤਾਂ ਝੱਟ ਲੈਂਦੀ ਮਨਾ ,
ਮੇਰਾ ਪਹਿਲਾ ਪਿਆਰ ਮੇਰੀ ਮਾਂ ,
ਠੰਡੀ ਮਿੱਠੀ ਹੈ ਉਸਦੇ ਬੁੱਕਲ ਦੀ ਛਾਂ ।
ਲਾਡਾ, ਸ਼ੇਰ ਤੇ ਪੁੱਤ - ਪੁੱਤ ਆਖ ਬੁਲਾਵੇ ,
ਜੇ ਮਾੜਾ ਜਿਹਾ ਦੁੱਖ ਆਵੇ ਤਾਂ ਝੱਟ ਗਲ ਨਾਲ ਲਾਵੇ ,
ਰੱਬ ਤੋਂ ਪਹਿਲਾਂ ਮੈਂ ਵੀ ਲੈਂਦਾ ਹਾਂ ਮਾਂ ਦਾ ਨਾਂ ,
ਮੇਰਾ ਪਹਿਲਾ ਪਿਆਰ ਮੇਰੀ ਮਾਂ ,
ਠੰਡੀ ਮਿੱਠੀ ਹੈ ਉਸਦੇ ਬੁੱਕਲ ਦੀ ਛਾਂ।





ਹਰਪ੍ਰੀਤ ਸਿੰਘ ਕਚੂਰਾ,
ਪਿੰਡ, ਮੱਤੜ ਹਿਠਾੜ।
ਜਿਲ੍ਹਾ: ਫਿਰੋਜਪੁਰ।
ਮੋ. ਨੰ. 9478922845

# ਬੋਧ ਗਯਾ ਮਹਾਂਵਿਹਾਰ ਮੁਕਤੀ ਅੰਦੋਲਨ ਦਾ ਪਹਿਲਾ ਬੋਧੀ ਭਿਖਸ਼ੂ ਕ੍ਰਾਂਤੀਕਾਰੀ ਯੋਧਾ ਅੰਨਾਗਾਰਿਕ

**ਜਨਮ ਦਿਨ 'ਤੇ ਵਿਸ਼ੇਸ਼**

ਅੱਜ ਨਾਗਪੁਰ ਵਿਖੇ ਸੰਵਿਧਾਨ ਚੌਂਕ ਵਿੱਚ ਅੰਨਾਗਾਰਿਕ ਧੰਮ ਪਾਲ ਦੇ 161ਵੇਂ ਜਨਮ ਦਿਨ 'ਤੇ ਬੋਧ ਗਯਾ ਮਹਾਂਵਿਹਾਰ ਮੁਕਤੀ ਅੰਦੋਲਨ ਦੇ ਤਹਿਤ ਧਰਨਾ ਰੱਖਿਆ ਗਿਆ। ਜਿੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਬੋਧੀ ਭਾਈਚਾਰੇ ਦੇ ਭਿਖਸ਼ੂ ਸੰਘ ਦੇ ਸਤਿਕਾਰਯੋਗ ਭੰਤੇ, ਉਪਾਸਕ, ਉਪਾਸਕਾਵਾਂ ਅਤੇ ਬੁੱਧੀਜੀਵੀ, ਮਿਸ਼ਨਰੀ, ਬੋਧੀ ਅਤੇ ਅੰਬੇਡਕਰੀ ਸਭ ਪਹੁੰਚ ਰਹੇ ਹਨ। ਪੰਜਾਬ ਤੋਂ ਵੀ ਇੱਕ ਬੋਧੀ ਭਾਈਚਾਰੇ ਦਾ ਜਥਾ ਫਗਵਾੜੇ ਤੋਂ ਰਵਾਨਾ ਹੋ ਚੁੱਕਾ ਹੈ । ਜੋ ਰਮੇਸ਼ ਕੌਲ ਦੀ ਅਗਵਾਈ ਵਿੱਚ ਭੰਤੇ ਰੇਵਤ ਜੀ, ਬੋਧੀ ਉਪਾਸਕਾ ਸ਼੍ਰੀਮਤੀ ਸੀਤਾ ਕੌਲ, ਬਿਸ਼ੰਬਰ ਦਾਸ ਭਬਿਆਣਾ , ਗੁਰਨਾਮ ਬੰਗੜ ਆਦਿ ਸ਼ਾਮਿਲ ਹਨ।ਅੰਨਾਗਾਰਿਕ ਧੰਮ ਪਾਲ ਦਾ ਜਨਮ 17 ਸਤੰਬਰ 1864 ਨੂੰ ਹੋਇਆ ਸੀ। ਅੰਨਾਗਾਰਿਕ ਸ੍ਰੀ ਲੰਕਾ ਦਾ ਬੋਧੀ ਭਿਖਸ਼ੂ ਸੀ। ਉਹ ਬੁੱਧ ਧੰਮ ਦੀ ਖੋਜ ਕਰਦਾ -ਕਰਦਾ 1891 ਵਿੱਚ ਬੋਧ ਗਯਾ ਪਹੁੰਚਿਆ। ਬੋਧ ਗਯਾ ਬੋਧੀਆਂ ਦਾ ਇੱਕ ਅੰਤਰਰਾਸ਼ਟਰੀ ਇਤਿਹਾਸਿਕ ਪ੍ਰਸਿੱਧ ਧਾਰਮਿਕ ਪਵਿੱਤਰ ਅਸਥਾਨ ਹੈ,ਜੋ ਬੋਧੀ ਭਾਈਚਾਰੇ ਲਈ ਮਾਣ ਅਤੇ ਸਨਮਾਨ ਦਾ ਪ੍ਰਤੀਕ ਹੈ। ਜਿੱਥੋਂ ਆਜ਼ਾਦੀ, ਬਰਾਬਰੀ, ਭਾਈਚਾਰਾ, ਸ਼ਾਂਤੀ, ਪ੍ਰੇਮ ਪਿਆਰ ਦਾ ਸੰਦੇਸ਼ ਦਿੱਤਾ ਜਾਂਦਾ ਹੈ। ਇਸ ਪਵਿੱਤਰ ਅਸਥਾਨ ਨੂੰ ਯੂਨੈਸਕੋ ਦੁਆਰਾ ਅਡਾਪਿਟ ਕੀਤਾ ਗਿਆ ਹੈ।ਇਸ ਅਸਥਾਨ ਤੋਂ ਤਥਾਗਤ ਬੁੱਧ ਨੂੰ 'ਗਿਆਨ ਦੀ ਪ੍ਰਾਪਤੀ' ਹੋਈ ਸੀ। ਜਿਸ ਕਰਕੇ ਉਹ ਸਿਧਾਰਥ ਗੌਤਮ ਤੋਂ 'ਬੁੱਧ' ਬਣੇ। ਅਸ਼ੋਕ ਸਮਰਾਟ ਦੇ ਜ਼ਮਾਨੇ ਵਿੱਚ ਇਥੇ ਬੁੱਧ ਵਿਹਾਰ ਬਣਾਇਆ ਗਿਆ ਸੀ।ਤਦ ਤੋਂ ਹੀ ਬੋਧੀ ਉਪਾਸਕ ਇਸ 'ਚ ਵਿਸ਼ਵਾਸ, ਨਿਸ਼ਚਾ, ਭਰੋਸਾ ਰੱਖਦੇ ਹਨ। ਸ੍ਰੀ ਲੰਕਾ ਤੋਂ ਬੋਧੀ ਭਿਖਸ਼ੂ ਅੰਨਾਗਾਰਿਕ ਨੇ ਜਦ ਮਹਾਂਬੁੱਧ ਵਿਹਾਰ,ਬੋਧ ਗਯਾ (ਬਿਹਾਰ) 'ਚ ਅੰਦਰ ਜਾਣ ਦੀ ਕੋਸ਼ਿਸ਼ ਕੀਤੀ ਤਾਂ ਭੰਤੇ ਜੀ ਨੂੰ ਤਰ੍ਹਾਂ -ਤਰ੍ਹਾਂ ਦੇ ਕਸ਼ਟ ,ਤਸੀਹੇ , ਜ਼ੁਲਮ , ਤਸ਼ੱਦਦ ਨੂੰ ਸਹਿਣਾ ਪਿਆ।ਅੰਤ ਉਹ ਅੰਦਰ ਜਾਣ 'ਚ ਕਾਮਯਾਬ ਹੋ ਗਿਆ।ਇਥੇ ਦੀ ਬੁਰੀ ਹਾਲਤ ਦੇਖ ਕੇ ਉਸ ਨੂੰ ਬਹੁਤ ਦੁੱਖ ਹੋਇਆ। ਇਥੇ ਗੈਰ ਬੋਧੀਆਂ ਦਾ ਕਬਜ਼ਾ ਸੀ, ਜਿਸ ਕਰਕੇ ਅੰਧ ਵਿਸ਼ਵਾਸ, ਵਹਿਮ- ਭਰਮ,ਕਰਮ ਕਾਂਡ ਕਰਵਾਏ ਜਾ ਰਹੇ ਸਨ, ਜਿਸ ਨੂੰ ਦੇਖ ਕੇ ਉਸ ਦਾ ਮਨ ਬਹੁਤ ਦੁੱਖੀ ਹੋਇਆ।ਉਸ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ। ਸੋਚਣ ਵਾਲੀ ਗੱਲ ਹੈ ਕਿ ਬੋਧੀ ਅਸਥਾਨ ਉੱਤੇ ਬੋਧੀ ਉਪਾਸਕਾਂ ਨੂੰ ਜਾਣ ਦੀ ਇਜਾਜ਼ਤ ਨਾ ਹੋਵੇ ,ਅਜਿਹਾ ਕਿਉਂ? ਜਿਸ ਕਰਕੇ ਉਸ ਨੇ ਗੈਰ ਬੋਧੀਆਂ (ਹਿੰਦੂਆਂ) ਤੋਂ ਆਜ਼ਾਦ ਕਰਵਾਉਣ ਲਈ ਤਹੱਈਆ ਕੀਤਾ। ਅੰਨਾਗਾਰਿਕ ਧੰਮ ਪਾਲ ਇੱਕ ਪਹਿਲਾ ਬੋਧੀ ਭਿਖਸ਼ੂ ਹੈ, ਜਿਸ ਨੇ ਬੋਧ ਗਯਾ ( ਬਿਹਾਰ) ਮਹਾਂਵਿਹਾਰ ਨੂੰ ਗੈਰ ਬੋਧੀਆਂ ਤੋਂ ਮੁਕਤ ਕਰਾਉਣ ਲਈ ਸੰਘਰਸ਼ ਆਰੰਭਿਆ। ਉਸ ਵਕਤ ਅੰਗਰੇਜ਼ਾਂ ਦਾ ਇੱਥੇ ਕਬਜ਼ਾ ਸੀ





,ਉਹਨਾਂ ਨੇ ਵੀ ਇਸ ਦੇ ਸੁਧਾਰ ਲਈ ਕੋਈ ਕਦਮ ਨਹੀਂ ਚੁੱਕਿਆ। ਇੰਝ ਜਾਪਦਾ ਹੈ ਕਿ ਅੰਗਰੇਜ਼ਾਂ ਨੂੰ ਭਰਮ ਭੁਲੇਖੇ ਵਿੱਚ ਹਿੰਦੂਆਂ ਨੇ ਪਾ ਕੇ ਰੱਖਿਆ ਹੋਵੇ ।ਉਹਨਾਂ ਇਹ ਵੀ ਦੱਸਿਆ ਹੋਵੇਗਾ ਕਿ ਇਹ ਹਿੰਦੂਆਂ ਦਾ ਹੀ ਧਾਰਮਿਕ ਅਸਥਾਨ ਹੈ ।ਇਸ ਲਈ ਉਹਨਾਂ ਇਸ ਵਿੱਚ ਕੋਈ ਦਿਲਚਸਪੀ ਨਾ ਲਈ ਹੋਵੇ। ਭਾਰਤ ਦਾ ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ 1949 ਵਿੱਚ ਸਰਕਾਰ ਨੇ ਇੱਕ ਐਕਟ ਬਣਾਇਆ। ਜਿਸ ਵਿੱਚ ਬੋਧੀ ਭਾਈਚਾਰੇ ਨੂੰ ਅੱਖੋਂ ਉਹਲੇ ਕਰਕੇ ਐਕਟ ਨੂੰ ਉਹਨਾਂ 'ਤੇ ਥੋਪ ਦਿੱਤਾ ਗਿਆ। ਐਕਟ ਵਿੱਚ 'ਚ 4 ਬੋਧੀ ਭਿਖਸ਼ੂ ਅਤੇ 4 ਗੈਰ ਬੋਧੀ (ਸਵਰਨ ਹਿੰਦੂ ) ਮੈਂਬਰ ਬਣਾਏ ਗਏ । ਨੌਵਾਂ ਮੈਂਬਰ ਜ਼ਿਲੇ ਦਾ ਡਿਪਟੀ ਕਮਿਸ਼ਨਰ ਜਾਂ ਡੀ.ਐਮ. ਚੇਅਰਮੈਨ ਨੂੰ ਨਿਯੁੱਕਤ ਕੀਤਾ ਗਿਆ ,ਜੋ ਸਿਰਫ ਹਿੰਦੂ ਹੀ ਹੋਵੇਗਾ ਭਾਵ ਬੋਧ ਗਯਾ ਮਹਾਂਵਿਹਾਰ 'ਤੇ ਪੂਰਾ ਕਬਜ਼ਾ ਅਤੇ ਕੰਟਰੋਲ ਗੈਰ ਬੋਧੀਆਂ ਦਾ, ਜੋ ਅੱਜ ਤੱਕ ਵੀ ਜਾਰੀ ਹੈ।

ਸਾਡਾ ਭਾਰਤ 1947 ਵਿੱਚ ਅੰਗਰੇਜ਼ਾਂ ਤੋਂ ਆਜ਼ਾਦ ਹੋ ਗਿਆ। ਆਜ਼ਾਦ ਭਾਰਤ ਦਾ ਸੰਵਿਧਾਨ ਬਣਾਉਣ ਦੀ ਜ਼ਿੰਮੇਵਾਰੀ ਸੰਵਿਧਾਨ ਸਭਾ ਦੇ ਚੇਅਰਮੈਨ ਡਾਕਟਰ ਅੰਬੇਡਕਰ ਜੀ ਨੇ ਉਠਾਈ । ਭਾਵੇਂ ਸੰਵਿਧਾਨ ਸਭਾ ਦੇ ਸੱਤ ਮੈਂਬਰਾਂ ਦੀ ਡਿਊਟੀ ਲਗਾਈ ਗਈ ਸੀ ਪ੍ਰੰਤੂ ਸਭ ਤੋਂ ਵੱਧ ਕੰਮ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਨੂੰ ਕਰਨਾ ਪਿਆ 26 ਨਵੰਬਰ 1949 ਨੂੰ ਭਾਰਤ ਦਾ ਸੰਵਿਧਾਨ ਬਣ ਕੇ ਤਿਆਰ ਹੋ ਗਿਆ, ਅਤੇ ਭਾਰਤੀ ਸੰਵਿਧਾਨ ਨੂੰ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਭਾਰਤੀ ਸੰਵਿਧਾਨ ਦੇ ਆਰਟੀਕਲ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਅੱਜ ਤੋਂ ਬਾਅਦ ਪੁਰਾਣੇ ਕਾਨੂੰਨ ਖਤਮ ਹਨ ਅਤੇ ਅੱਜ ਤੋਂ ਪੂਰਾ ਦੇਸ਼ ਨਵੇਂ ਸੰਵਿਧਾਨ ਦੇ ਕਾਨੂੰਨ ਮੁਤਾਬਕ ਹੀ ਚੱਲੇਗਾ। ਪਰ ਦੁੱਖ ਦੀ ਗੱਲ ਇਹ ਹੈ ਕਿ ਭਾਰਤ ਨੂੰ ਆਜ਼ਾਦ ਹੋਇਆ ਲੱਗਭਗ 78 ਸਾਲ ਹੋ ਚੁੱਕੇ ਹਨ। ਪਰ ਬੋਧ ਗਯਾ ਮੰਦਰ ਐਕਟ 1949 ਅਜੇ ਵੀ ਜਾਰੀ ਹੈ, ਜੋ ਬੋਧੀਆਂ 'ਤੇ ਥੋਪਿਆ ਗਿਆ ਹੈ। ਇਹ ਕੇਂਦਰ ਸਰਕਾਰ ਅਤੇ ਬਿਹਾਰ ਸਟੇਟ ਦੀ ਸਰਕਾਰ ਦਾ ਬੋਧੀਆਂ ਨਾਲ ਸ਼ਰੇਆਮ ਧੱਕਾ ਹੈ। ਜਿਸ ਨੂੰ ਬੋਧੀ ਭਾਈਚਾਰਾ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ, ਸਗੋਂ ਸੰਘਰਸ਼ ਹੋਰ ਤੇਜ਼ ਕਰਕੇ ਸ਼ਾਂਤਮਈ ਤਰੀਕੇ ਨਾਲ ਆਪਣੇ ਖੁਸੇ ਹੋਏ ਅਧਿਕਾਰ ਨੂੰ ਪ੍ਰਾਪਤ ਕਰਕੇ ਹੀ ਰਹੇਗਾ। ਲੋੜ ਹੈ ਇੱਕਮੁੱਠ ਹੋਣ ਦੀ। ਏਕਤਾ ਨਾਲ ਹੀ ਬੋਧੀ ਭਾਈਚਾਰਾ ਜਿੱਤ ਪ੍ਰਾਪਤ ਕਰ ਸਕਦਾ ਹੈ । ਇਸੇ ਸੰਦਰਭ ਵਿੱਚ ਆਲ ਇੰਡੀਆ ਬੁੱਧਿਸਟ ਫੋਰਮ ਦੇ ਜਨਰਲ ਸਕੱਤਰ ਸ੍ਰੀ ਆਕਾਸ਼ ਲਾਮਾ ਜੀ ਨੇ ਸ਼ਾਂਤਮਈ ਢੰਗ ਨਾਲ 12 ਫਰਵਰੀ 2025 ਤੋਂ ਬੋਧ ਗਯਾ ਮਹਾਂਬੁੱਧ ਮਹਾਂਵਿਹਾਰ ਮੁਕਤੀ ਅੰਦੋਲਨ ਅਰੰਭਿਆ ਹੋਇਆ ਹੈ। ਅੱਜ ਇਸ ਸੰਘਰਸ਼ ਨੂੰ 200 ਦਿਨਾਂ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ। ਸ੍ਰੀ ਆਕਾਸ਼ ਲਾਮਾ ਜੀ ਅਤੇ ਬੋਧੀ ਭਿਖਸ਼ੂਆਂ ਦੀ ਕੇਂਦਰ ਸਰਕਾਰ ਤੋਂ ਮੰਗ ਹੈ ਕਿ ਬੋਧ ਗਯਾ ਮੰਦਰ ਐਕਟ 1949 ਨੂੰ ਤੁਰੰਤ ਰੱਦ ਕੀਤਾ ਜਾਵੇ ਅਤੇ ਬੋਧ ਗਯਾ ਮਹਾਂਵਿਹਾਰ ਦਾ ਨਿਰੋਲ ਕੰਟਰੋਲ ਬੋਧੀਆਂ ਦੇ ਹਵਾਲੇ ਕੀਤਾ ਜਾਵੇ। ਇੰਨੇ ਦਿਨ ਬੀਤ ਜਾਣ ਤੋਂ ਬਾਅਦ ਵੀ ਸਰਕਾਰਾਂ ਨੇ ਇਹਨਾਂ ਮੰਗਾਂ ਨੂੰ ਅੱਖੋਂ ਉਹਲੇ ਕੀਤਾ ਹੈ, ਜੋ ਬੋਧੀ ਭਾਈਚਾਰੇ ਦੀ ਆਸਥਾ ਨੂੰ ਭਾਰੀ ਸੱਟ ਵੱਜੀ ਹੈ। ਅੰਨਾਗਾਰਿਕ ਜੀ ਦੇ ਜਨਮ ਦਿਨ 'ਤੇ ਪਿਛਲੇ ਸਾਲ 17 ਸਤੰਬਰ 2024 ਨੂੰ ਪਟਨਾ ਦੀ ਧਰਤੀ ਤੇ ਗਾਂਧੀ ਮੈਦਾਨ ਵਿੱਚ ਸ੍ਰੀ ਆਕਾਸ਼ ਲਾਮਾ ਅਤੇ ਭਿਖਸ਼ੂ ਸੰਘ ਦੀ ਅਗਵਾਈ ਵਿੱਚ ਬਹੁਤ ਵੱਡਾ ਇਕੱਠ ਹੋਇਆ ਸੀ। ਜਿਸ ਵਿੱਚ ਪੰਜਾਬ ਤੋਂ ਐਡਵੋਕੇਟ ਹਰਭਜਨ ਸਾਂਪਲਾ ਜੀ ਦੀ ਅਗਵਾਈ ਵਿੱਚ ਪੰਜਾਬ ਤੋਂ 22 ਬੋਧੀ ਭਾਈਚਾਰੇ ਦੇ ਉਪਾਸਕ ਸ਼ਾਮਿਲ ਹੋਏ। ਜਿਨਾਂ ਵਿੱਚ ਲੇਖਕ ਵੀ ਸ਼ਾਮਿਲ ਸੀ

ਸ਼੍ਰੀ ਆਕਾਸ਼ ਲਾਮਾ ਜੀ ਦੀ ਅਗਵਾਈ ਵਿੱਚ ਬਿਹਾਰ ਦੇ ਮੁੱਖ ਮੰਤਰੀ ਸ੍ਰੀ ਨਿਤੀਸ਼ ਕੁਮਾਰ ਜੀ ਨੂੰ ਮੈਮੋਰੰਡਮ ਦਿੱਤਾ ਗਿਆ ਸੀ। ਜਿਸ ਵਿੱਚ ਬੋਧ ਗਯਾ ਮੰਦਰ ਐਕਟ 1949 ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਸੀ। ਹੁਣ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਪੂਰੇ ਭਾਰਤ ਵਿੱਚ ਸ਼ਾਂਤਮਈ ਢੰਗ ਨਾਲ ਮਸ਼ਾਲ ਯਾਤਰਾ ਕੱਢੀ ਜਾ ਰਹੀ ਹੈ। ਬੋਧ ਗਯਾ ਮਹਾਂਬੁੱਧ ਮਹਾਂਵਿਹਾਰ ਮੁਕਤੀ ਅੰਦੋਲਨ ਮਸ਼ਾਲ ਯਾਤਰਾ ਪੰਜਾਬ ਵਿੱਚ ਵੀ ਵੱਡੇ ਪੱਧਰ 'ਤੇ ਕੱਢੀ ਗਈ ਹੈ ।ਇਸੇ ਤਹਿਤ ਨਾਗ-ਪੁਰ ਵਿਖੇ ਸੰਵਿਧਾਨ ਚੌਂਕ ਵਿੱਚ ਕ੍ਰਾਂਤੀਕਾਰੀ ਅੰਨਾਗਾਰਿਕ ਦੇ 161ਵੇਂ ਜਨਮ ਦਿਨ 'ਤੇ ਸ਼ਾਂਤਮਈ ਧਰਨਾ ਪ੍ਰਦਰਸ਼ਨ ਰੱਖਿਆ ਗਿਆ ਹੈ। ਇਸ ਧਰਨੇ ਵਿੱਚ ਸਭ ਨੂੰ ਸ਼ਾਮਿਲ ਹੋਣ ਦੀ ਅਪੀਲ ਕੀਤੀ ਹੈ। ਅੰਨਾਗਾਰਿਕ ਧੰਮ ਪਾਲ 29 ਅਪ੍ਰੈਲ 1933 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨਾਂ ਵੱਲੋਂ ਵਿੱਢੇ ਗਏ ਸੰਘਰਸ਼ ਹਮੇਸ਼ਾ ਹੀ ਬੋਧੀਆਂ ਦੇ ਦਿਲਾਂ 'ਤੇ ਛਾਏ ਰਹਿਣਗੇ।



**ਪ੍ਰਿੰਸੀਪਲ ਪਰਮਜੀਤ ਜੱਸਲ ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੂਲੰਦਪੁਰ , ਜਲੰਧਰ। ਮੋਬਾਇਲ-98721 80653**

# ਅੰਨਾਗਾਰਿਕ ਦੇ ਜਨਮ ਦਿਨ 'ਤੇ ਨਾਗਪੁਰ ਸਮਾਗਮ ਲਈ ਪੰਜਾਬ ਤੋਂ ਬੋਧੀ ਜਥਾ ਫਗਵਾੜੇ ਤੋਂ ਰਵਾਨਾ

**ਜਲੰਧਰ (ਪਰਮਜੀਤ ਜੱਸਲ)**-ਪੰਜਾਬ ਤੋਂ ਇੱਕ ਜਥਾ ਬੋਧ ਗਯਾ ਮਹਾਂਵਿਹਾਰ ਮੁਕਤੀ ਅੰਦੋਲਨ ਦੇ ਤਹਿਤ ਨਾਗਪੁਰ 'ੴਚ ਸੰਵਿਧਾਨ ਚੌਂਕ 'ਚ ਧਰਨੇ 'ਤੇ ਸ਼ਾਮਿਲ ਹੋਣ ਲਈ ਫਗਵਾੜੇ ਤੋਂ ਰਵਾਨਾ ਹੋ ਗਿਆ। 17 ਸਤੰਬਰ ਨੂੰ ਇਹ ਧਰਨਾ ਦਿੱਤਾ ਜਾਣਾ ਹੈ। ਇਹ ਇਤਿਹਾਸਿਕ ਦਿਨ ਵੀ ਹੈ, ਅੰਨਾਗਾਰਿਕ ਧੰਮਾਂ ਪਾਲ ਦਾ 161ਵਾਂ ਜਨਮ ਦਿਨ ਹੈ। ਜੋ ਨਾਗਪੁਰ ਵਿਖੇ ਮਨਾਇਆ ਜਾਵੇਗਾ। ਅੰਨਾਗਾਰਿਕ ਨੇ ਸਭ ਤੋਂ ਪਹਿਲਾਂ ਬੋਧ ਗਯਾ ਮਹਾ ਵਿਹਾਰ ਮੁਕਤੀ ਅੰਦੋਲਨ 1891 ਤੋਂ ਸ਼ੁਰੂ ਕੀਤਾ ਸੀ। ਜਿਸ ਨੂੰ ਅੱਜ ਆਲ ਇੰਡੀਆ ਬੁੱਧਿਸਟ ਫੋਰਮ ਦੇ ਜਨਰਲ ਸਕੱਤਰ ਸ੍ਰੀ ਆਕਾਸ਼ ਲਾਮਾ ਜੀ ਲੱਗਭਗ 200 ਦਿਨਾਂ ਤੋਂ ਲਗਾਤਾਰ ਲਾਮਬੰਦ ਹੋ ਕੇ, ਸ਼ਾਂਤਮਈ ਢੰਗ ਨਾਲ ਬੋਧ ਗਯਾ ਮੁਕਤੀ ਅੰਦੋਲਨ ਮਸ਼ਾਲ ਯਾਤਰਾ ਪੂਰੇ ਭਾਰਤ ਵਿੱਚ ਚਲਾ ਰਹੇ ਹਨ। ਪੰਜਾਬ ਤੋਂ ਜਥੇ ਵਿੱਚ ਭੰਤੇ ਰੇਵਤ ਜੀ,ਰਮੇਸ਼ ਕੌਲ, ਸ਼੍ਰੀਮਤੀ ਸੀਤਾ ਕੌਲ, ਬਿਸ਼ੰਬਰ ਦਾਸ ਭਬਿਆਣਾ ਅਤੇ ਗੁਰਨਾਮ ਬੰਗੜ ਸ਼ਾਮਿਲ ਹਨ।



# ਬੁੱਧ ਬਾਣ : ਕਾਵਾਂ ਦੀ ਕਾਵਾਂ ਰੌਲੀ !

ਜਾਨਵਰਾਂ ਤੇ ਪੰਛੀਆਂ ਦੀ ਆਪੋ ਆਪਣੀ ਦੁਨੀਆਂ ਹੈ। ਉਹ ਆਪਣੀ ਇਸ ਦੁਨੀਆਂ ਵਿੱਚ ਦੂਜਿਆਂ ਦਾ ਦਖ਼ਲ ਬਰਦਾਸ਼ਤ ਨਹੀਂ ਕਰਦੇ। ਜਦੋਂ ਵੀ ਕੋਈ ਉਹਨਾਂ ਦੀ ਸਲਤਨਤ ਵਿੱਚ ਦਾਖ਼ਲ ਹੋਣ ਦੀ ਘੁਸਪੈਠ ਕਰਦਾ ਹੈ ਤਾਂ ਉਹ ਇਕੱਠੇ ਹੋ ਕੇ ਉਸ ਉਪਰ ਹਮਲਾ ਬੋਲਦੇ ਹਨ। ਉਹਨਾਂ ਦਾ ਇਹ ਹਮਲਾ ਬਹੁਤ ਭਿਆਨਕ ਤੇ ਨਾ ਸਮਝ ਆਉਣ ਵਾਲਾ ਹੁੰਦਾ ਹੈ। ਵਿਗਿਆਨ ਦੀ ਖੋਜ ਦੱਸਦੀ ਹੈ ਕਿ ਹਰ ਮਨੁੱਖ ਵਿੱਚ ਜਾਨਵਰ ਤੇ ਪੰਛੀਆਂ ਵਾਲੇ ਅੰਸ਼ ਹੁੰਦੇ ਹਨ। ਜਿਹੜੇ ਸਮੇਂ ਸਮੇਂ ਪ੍ਰਗਟ ਹੁੰਦੇ ਰਹਿੰਦੇ ਹਨ। ਇਸ ਦਾ ਉਹਨਾਂ ਨੂੰ ਖੁਦ ਪਤਾ ਨਹੀਂ ਲੱਗਦਾ ਪਰ ਦੂਜਿਆਂ ਨੂੰ ਝੱਟ ਪਤਾ ਲੱਗ ਜਾਂਦਾ ਹੈ ਕਿ ਇਸ ਦੇ ਵਿੱਚ ਹੁਣ ਕਿਸ ਪੰਛੀ ਜਾਂ ਜਾਨਵਰ ਦੀ ਰੂਹ ਬੋਲਦੀ ਹੈ।

ਇਸੇ ਕਰਕੇ ਕਿਹਾ ਕਿਹਾ ਜਾਂਦਾ ਹੈ ਕਿ ਇਸ ਦੀ ਆਵਾਜ਼ ਕੋਇਲ ਵਰਗੀ ਹੈ। ਕੁੱਝ ਕਲਾਕਾਰਾਂ ਨੂੰ ਪੰਜਾਬ ਦੀ ਕੋਇਲ ਦੇ ਖਿਤਾਬ ਨਾਲ ਨਿਵਾਜਿਆ ਗਿਆ ਹੈ। ਇਸੇ ਤਰ੍ਹਾਂ ਜਦੋਂ ਕੋਈ ਲਲਕਾਰੇ ਮਾਰਦੇ ਹੈ, ਤਾਂ ਆਖਦੇ ਹਾਂ ਕਿ ਇਸ ਦੀ ਦਹਾੜ ਸ਼ੇਰ ਵਰਗੀ ਹੈ। ਇਹ ਸਿਰਫ਼ ਦੋ ਉਦਾਹਰਣਾਂ ਦੇ ਕੇ ਇਸ ਕਥਾ ਨੂੰ ਸਮਝਣ ਤੇ ਸਮਝਾਉਣ ਦਾ ਯਤਨ ਕੀਤਾ ਹੈ। ਜਦੋਂ ਕੋਈ ਬਿਨਾਂ ਗੱਲੋਂ ਬੋਲੀ ਜਾਂਦਾ ਹੈ ਤਾਂ ਇਹ ਅਕਸਰ ਕਿਹਾ ਜਾਂਦਾ ਹੈ ਕਿ ਹੋਇਆ ਤੈਂ ਟੈਂ ਟੈਂ ਲਾਈ ਹੈ। ਜਾਂ ਇਹ ਕਿਹਾ ਜਾਂਦਾ ਹੈ, ਤੈਨੂੰ ਕੁੱਤੇ ਵਾਂਗੂੰ ਭੌਂਕਦਿਆਂ ਮੈਂ ਕਦੋਂ ਦਾ ਸੁਣ ਰਿਹਾ ਹਾਂ? ਹੁਣ ਭੌਂਕ ਕੇ ਦਿਖਾ।

ਗੱਲ ਤਾਂ ਆਪਾਂ ਉਹਨਾਂ ਕਾਵਾਂ ਦੀ ਕਰਨੀ ਸੀ, ਵਿੱਚ ਕੁੱਤਾ, ਸ਼ੇਰ ਤੇ ਤੋਤੇ ਆ ਗਏ। ਕਾਵਾਂ ਰੌਲੀ ਦੀ ਗੱਲ ਵਿਚੇ ਰਹਿ ਗਈ ਸੀ। ਕਿਸਾਨ ਜਦੋਂ ਚੂਹਿਆਂ ਦੀ ਖੁੱਡ ਵਿੱਚ ਪਾਣੀ ਪਾਉਂਦਾ ਹੈ ਤਾਂ ਸਾਰੇ ਖੇਤ ਦੇ ਚੂਹੇ ਖੁੱਡਾਂ ਵਿਚੋਂ ਨਿਕਲ ਕੇ ਆਪੋ ਆਪਣੀ ਜਾਨ ਬਚਾਉਣ ਲਈ ਦੌੜਦੇ ਹਨ। ਜਿਹੜੇ ਚੂਹੇ ਕੰਮਜ਼ੋਰ ਤੇ ਬੁੱਢੇ ਹੁੰਦੇ ਹਨ, ਉਹ ਮਾਰੇ ਜਾਂਦੇ ਹਨ। ਕਿਉਂਕਿ ਖੁੱਡਾਂ ਵਿੱਚ ਵੜਿਆ ਹੋਇਆ ਪਾਣੀ ਉਹਨਾਂ ਦਾ ਦਮ ਘੁੱਟ ਦੇਂਦਾ ਹੈ। ਦਮ ਦੀ ਹੀ ਕਰਾਮਾਤ ਹੈ। ਇਹ ਜੀਵਨ ਦਮਾਂ ਦੇ ਸਹਾਰੇ ਚੱਲਦਾ ਹੈ। ਜਦੋਂ ਦਮ ਲੈਂਦਾ ਬੰਦਾ ਦਮੜੇ ਇਕੱਠੇ ਕਰਨ ਲੱਗ ਜਾਵੇ, ਫੇਰ ਉਹਦੇ ਲਈ ਕੋਈ ਦੀਨ ਈਮਾਨ, ਧਰਮ, ਸ਼ਰਮ, ਕਰਮ, ਕੋਈ ਰਿਸ਼ਤਾ ਨਾਤਾ ਨਹੀਂ ਰਹਿੰਦਾ। ਉਸਨੂੰ ਸਿਰਫ਼ ਮਾਇਆ ਹੀ ਨਜ਼ਰ ਆਉਂਦੀ ਹੈ। ਉਹ ਇਸ ਮਾਇਆ ਪਿੱਛੇ ਕੁੱਝ ਵੀ ਕਰ ਤੇ ਕਰਵਾ ਸਕਦਾ ਹੈ। ਇਸ ਮਾਇਆ ਦੇ ਅਨੇਕ ਰੂਪ ਹਨ। ਇਹ ਮਾਇਆ ਕੇਵਲ ਕਰੰਸੀ ਨਹੀਂ ਹੁੰਦੀ। ਸ਼ਕਤੀ, ਸੱਤਾ ਤੇ ਹੰਕਾਰ ਦੀ ਉਹ ਸਲਤਨਤ ਹੁੰਦੀ ਹੈ। ਜਿਸ ਦੀ ਜ਼ਦ ਵਿੱਚ ਆਇਆ ਬੰਦਾ ਉਸ ਦੇ ਜੋਗਾ ਹੀ ਰਹਿ ਜਾਂਦਾ ਹੈ। ਪਰ ਜਦੋਂ ਕੋਈ ਬੰਦਾ ਗੁਰੂ ਗੋਬਿੰਦ ਸਿੰਘ ਜੀ ਵਰਗੇ ਮਹਾਨ ਦਾਨਿਸ਼ਵਰ ਦੀ ਸੰਗਤ ਵਿੱਚ ਪੁੱਜ ਜਾਂਦਾ ਹੈ ਤਾਂ ਉਹ ਬੰਦਾ ਸਿੰਘ ਬਹਾਦਰ ਬਣ ਜਾਂਦਾ ਹੈ। ਉਹ ਫੇਰ ਜ਼ਬਰ ਜ਼ੁਲਮ ਕਰਨ ਤੇ ਕਰਵਾਉਣ ਵਾਲਿਆਂ ਦੀ ਇੱਟ ਨਾਲ ਇੱਟ ਖੜਕਾ ਕੇ ਚੂਰਾ ਚੂਰਾ ਕਰ ਕਰ ਦੇਂਦਾ ਹੈ। ਗੱਲ ਤੇ ਸੰਗਤ ਦੀ ਹੈ, ਇਸੇ ਕਰਕੇ ਕਿਹਾ ਜਾਂਦਾ ਹੈ, ਜੈਸੀ ਸੰਗਤ, ਵੈਸੀ ਰੰਗਤ।

ਸਮਾਜ ਵਿੱਚ ਹਰ ਤਰ੍ਹਾਂ ਦੇ ਧੰਦਾ ਕਰਨ ਤੇ ਕਰਵਾਉਣ ਵਾਲਿਆਂ ਦੀ ਆਪੋ ਆਪਣੀ ਸੰਗਤ ਹੁੰਦੀ ਹੈ। ਉਹਨਾਂ ਦੀ ਭਾਸ਼ਾ ਤੇ ਬੋਲੀ ਵੀ ਆਪੋ ਆਪਣੀ ਹੁੰਦੀ ਹੈ। ਕੋਈ ਦੂਜਾ ਉਹਨਾਂ ਦੀ ਭਾਸ਼ਾ ਤੇ ਬੋਲੀ ਨਹੀਂ ਸਮਝ ਸਕਦਾ। ਭਾਵੇਂ ਗੂੰਗੇ ਦੀਆਂ ਰਮਜ਼ਾਂ ਨੂੰ ਗੂੰਗੇ ਦੀ ਮਾਂ ਹੀ ਸਮਝ ਸਕਦੀ ਹੈ। ਚਿੰਨ੍ਹ, ਸੰਕੇਤ ਤੇ ਇਸ਼ਾਰੇ ਵੀ ਬੜਾ ਕੁੱਝ ਸਮਝਾਉਣ ਲਈ ਸਹਾਈ ਹੁੰਦੇ ਹਨ। ਇਸੇ ਕਰਕੇ ਇਹ ਬੋਲੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ।

ਪੱਲਾ ਮਾਰ ਕੇ ਬੁਝਾ ਗਈ ਦੀਵਾ ਤੇ ਅੱਖ ਨਾਲ ਗੱਲ ਕਰ ਗਈ।
ਜੀਹਨੇ ਅੱਖ ਦੀ ਰਮਜ਼ ਨਾ ਜਾਣੀ, ਗੋਲੀ ਮਾਰ ਆਸ਼ਿਕ ਦੇ।

ਗੱਲ ਜਦੋਂ ਇਸ਼ਕ ਤੇ ਆਸ਼ਿਕੀ ਦੀ ਹੋਵੇ ਤਾਂ ਵਾਰਿਸ ਸ਼ਾਹ ਮੀਆਂ ਨਾ ਆਵੇ ਤਾਂ ਗੱਲ ਸਿਰੇ ਨਹੀਂ ਚੜ੍ਹ ਸਕਦੀ।

ਰਾਂਝਾ ਰਾਂਝਾ ਕਰਦੀ ਨੀ ਮੈਂ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ।

ਕਿਸਾਨ ਪੱਕੀ ਹੋਈ ਫ਼ਸਲ ਵਿੱਚ ਡਰਨਾ ਬਣਾ ਕੇ ਜਾਂ ਫ਼ਿਰ ਕਾਂ ਮਾਰ ਕੇ ਵੰਝ ਉਤੇ ਟੰਗ ਦੇਂਦਾ ਹੈ। ਮਰੇ ਹੋਏ ਕਾਂ ਨੂੰ ਦੇਖ਼ ਕੇ ਸਾਰੇ ਪਿੰਡ ਦੇ ਕਾਂ ਇਕੱਠੇ ਹੋ ਕੇ ਕਾਵਾਂ ਰੌਲੀ ਪਾਉਣ ਲੱਗਦੇ ਹਨ। ਤੁਸੀਂ ਨੈਸ਼ਨਲ ਜਿਉਗਰਾਫੀ ਦੇਖਿਆ ਕਰੋ ਤੁਹਾਨੂੰ ਇਸ ਵਰਤਾਰਾ ਸਮਝ ਆਵੇਗਾ। ਸਮਝਣ ਵਾਲੇ ਤਾਂ ਦੋ ਕੋਹ ਤੋਂ ਪਛਾਣ ਲੈਂਦੇ ਹਨ।

ਇਸ ਗੱਲ ਨੂੰ ਅਮਰ ਸਿੰਘ ਚਮਕੀਲਾ ਇਉਂ ਆਖਦਾ ਹੈ, ਦੋ ਕੋਹ ਤੋਂ ਪੁਰਜਾ ਪਛਾਣ ਲਈਦਾ।

ਜਿਹਨਾਂ ਦੀ ਨੇੜੇ ਦੀ ਨਿਗਾਹ ਘੱਟ ਹੋਵੇ, ਉਸ ਦੇ ਬਾਰੇ ਵਿਆਹ ਮੌਕੇ ਅਕਸਰ ਆਖਿਆ ਜਾਂਦਾ ਹੈ, ਜੇਕਰ ਖੱਟ ਵੇਲੇ ਜੇ ਕਿਸੇ ਮਿਲਣੀ ਨਾ ਕੀਤੀ ਜਾਵੇ ਤਾਂ ਆਖਿਆ ਜਾਂਦਾ ਹੈ, ਜੀਹਨੇ ਖੜਾ ਨਹੀਂ ਦੇਖਿਆ, ਉਹਨੇ ਬੈਠਾ ਕੀ ਦੇਖਣਾ ਹੈ।

ਹੁਣ ਤੁਹਾਨੂੰ ਇਹ ਗੱਲ ਤਾਂ ਸਮਝ ਆ ਗਈ ਹੋਵੇਗੀ ਕਿ ਕਾਵਾਂ ਨੇ ਕਾਵਾਂ ਰੌਲੀ ਕਿਉਂ ਪਾਈ ਹੈ। ਉਹਨਾਂ ਨੇ ਉਦੋਂ ਕਿਉਂ ਨਹੀਂ ਕਾਵਾਂ ਰੌਲੀ ਪਾਈ ਜਦੋਂ ਇਹਨਾਂ ਬਿੱਲਿਆਂ ਤੇ ਕੁੱਤਿਆਂ ਤੋਂ ਡਰਦਿਆਂ ਕਬੂਤਰ ਤੇ ਚਿੜੀਆਂ ਹੋਰਨਾਂ ਥਾਵਾਂ ਦੀ ਭਾਲ ਵਿੱਚ ਉਡ ਗਏ ਸਨ। ਉਦੋਂ ਇਹਨਾਂ ਬਾਗੜ ਬਿੱਲਿਆਂ ਨੇ ਅੱਖਾਂ ਉਤੇ ਕਾਲੀ ਐਨਕ ਲਾ ਕੇ ਰੱਖੀ। ਹੁਣ ਜਦੋਂ ਪਹਾੜੀ ਕਾਂ ਬਾਜਾਂ ਦੇ ਅੜਿੱਕੇ ਚੜ੍ਹਿਆ ਤਾਂ ਕਾਵਾਂ ਰੌਲੀ ਪਾਉਣੀ ਸ਼ੁਰੂ ਕਰ ਦਿੱਤੀ। ਕਾਂ ਕਾਲੇ, ਪੀਲੇ, ਨੀਲੇ, ਚਿੱਟੇ ਤੇ ਡੱਬ ਖੜੱਬੇ ਸਾਰੇ ਹੀ ਕਾਂ ਕਾਂ ਕਰਨ ਲੱਗੇ ਹੋਏ ਹਨ। ਕੁੱਝ ਕਾਂ ਤਾਂ ਆਪਣੀਆਂ ਨਸਲਾਂ ਹੀ ਭੁੱਲ ਗਏ। ਉਹਨਾਂ ਨੂੰ ਇਹ ਵੀ ਚੇਤੇ ਨਹੀਂ ਆਇਆ ਕਿ ਉਹਨਾਂ ਨੇ ਪਹਿਲਾਂ ਕੀ ਕੀ ਤੇ ਕਿਥੇ ਕਿਥੇ ਕਾਵਾਂ ਰੌਲੀ ਪਾਈ ਸੀ। ਪਰ ਜਦੋਂ ਉਹਨਾਂ ਦੀਆਂ ਮੀਡੀਆ ਨੇ ਪੁਰਾਣੀਆਂ ਯਾਦਾਂ ਤਾਜ਼ਾ ਕਰਵਾਈਆਂ ਤਾਂ ਉਹਨਾਂ ਨੂੰ ਡੁੱਬ ਕੇ ਮਰਨ ਲਈ ਚੱਪਣੀਆਂ ਨਾ ਲੱਭਣ। ਕੁੱਝ ਕਾਵਾਂ ਦੇ ਆਗੂਆਂ ਨੇ ਇਹ ਵੀ ਆਖਿਆ ਕਿ ਇਹ ਹਮਲਾ ਸਾਡੇ ਸਾਰਿਆਂ ਉਪਰ ਹੋਇਆ ਹੈ। ਜੇਕਰ ਆਪਾਂ ਹੁਣ ਨਾ ਇਕੱਠੇ ਹੋਏ ਤਾਂ ਕੱਲ੍ਹ ਨੂੰ ਸਭ ਪਿੰਜਰੇ ਵਿੱਚ ਬੰਦ ਹੋਵਾਂਗੇ। ਸੋ ਤੁਸੀਂ ਆਪਣੀ ਜੂਠ ਖਾਣ ਪੀਣ ਦੀਆਂ ਆਦਤਾਂ ਨੂੰ ਭੁੱਲ ਕੇ ਹੱਡਾ ਰੋੜੀ ਵਿੱਚ ਇਕੱਠੇ ਹੋ ਕੇ ਸੰਘਰਸ਼ ਕਰੀਏ ਤਾਂ ਹੀ ਬਚਾ ਹੋ ਸਕਦਾ ਹੈ। ਨਹੀਂ ਤਾਂ ਕਦੇ ਵੀ ਕਿਸੇ ਵੇਲੇ ਵਾਰੀ ਆ ਸਕਦੀ ਹੈ।

ਉਧਰ ਪਿੰਡ ਦੇ ਗੁਰਦੁਆਰੇ ਵਿੱਚ ਸਪੀਕਰ ਤੋਂ ਆਵਾਜ਼ ਆਉਂਦੀ ਹੈ।

ਆਪੇ ਬੀਜਿ ਆਪੇ ਖਾ!!

ਗੱਲ ਸੁਣ ਕੇ ਇੱਕ ਦੂਜੇ ਨੂੰ ਆਖਦੇ ਹਨ, ਹੁਣ ਕਿਹੜੇ ਕਾਂ ਦੀ ਵਾਰੀ ਆ ਰਹੀ ਹੈ। ਕੁੱਝ ਕਾਂ ਤਾਂ ਡਰਦੇ ਠੰਢੇ ਪਾਣੀ ਵਾਲੀਆਂ ਟੈਂਕੀਆਂ ਵੱਲ ਉਡਾਰੀ ਮਾਰਨ ਲੱਗੇ ਹਨ। ਉਹਨਾਂ ਨੂੰ ਡਰ ਸਤਾਉਂਦਾ ਹੈ ਕਿ ਪਹਾੜੀ ਕਾਂ ਉਹਨਾਂ ਦਾ ਨਾਮ ਨਾਂ ਬੋਲ ਦੇਵੇ। ਇਸੇ ਕਰਕੇ ਉਹਨਾਂ ਨੇ ਆਪਣੇ ਚੂਚਿਆਂ ਨੂੰ ਕਾਵਾਂ ਰੌਲੀ ਪਾਉਣ ਲਈ ਲਾਇਆ ਹੋਇਆ ਹੈ।

ਖ਼ੈਰ ਦੇਖੋ ਹੁਣ ਜੰਗਲ ਰਾਜ ਵਿੱਚ ਕਿਹੜਾ ਕਿਹੜਾ ਕਾਂ ਸ਼ਿਕੰਜੇ ਵਿੱਚ ਫਸਦਾ ਹੈ।

ਤੁਸੀਂ ਵੀ ਹੁਣ ਆਪ ਹੀ ਦੱਸੋ ਕਿ ਕਾਵਾਂ ਰੌਲੀ ਪਾਉਣ ਵਾਲਿਆਂ ਦੇ ਨਾਲ ਓ ਜਾਂ ਫਿਰ।



**ਬੁੱਧ ਸਿੰਘ ਨੀਲੋਂ**
**9464370823**

# ਪ੍ਰਸਿੱਧ ਕਵੀ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਦੀ ਪੁਸਤਕ 'ਮਾਹੌਲ' ਉੱਤੇ ਵਿਚਾਰ ਗੋਸ਼ਟੀ ਹੋਈ

**ਫਰੀਦਕੋਟ ( ਰਮੇਸ਼ਵਰ ਸਿੰਘ )** ਪੰਜਾਬੀ ਸਾਹਿਤ ਦੇ ਨਾਮਵਰ ਲੇਖਕ ਪ੍ਰਸਿੱਧ ਕਵੀ ਜੀ ਦੀ 17ਵੀ ਪੁਸਤਕ " ਮਾਹੌਲ " ਉੱਤੇ ਮਿਤੀ 14 ਸਤੰਬਰ 2025 ਦਿਨ ਐਤਵਾਰ ਨੂੰ ਸੰਗਤ ਸਾਹਿਬ ਭਾਈ ਫੇਰੂ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਫਰੀਦਕੋਟ ਵਿਖੇ ਵਿਚਾਰ ਗੋਸ਼ਟੀ ਸਮਾਗਮ ਪੰਜਾਬੀ ਸਾਹਿਤ ਸਭਾ ਰਜਿ ਫਰੀਦਕੋਟ ਵੱਲੋਂ ਆਯੋਜਿਤ ਕੀਤਾ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਸਕੂਲ ਦੇ ਚੇਅਰਮੈਨ ਸ. ਸਵਰਨਜੀਤ ਸਿੰਘ ਗਿੱਲ ਸਨ। ਪ੍ਰਧਾਨਗੀ ਪ੍ਰਸਿੱਧ ਵਿਦਵਾਨ ਪ੍ਰੋਫੈਸਰ ਨਰਿੰਦਰਜੀਤ ਸਿੰਘ ਬਰਾੜ ਨੇ ਕੀਤੀ ਅਤੇ ਪ੍ਰਧਾਨਗੀ ਮੰਡਲ ਵਿੱਚ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ, ਪ੍ਰੋਫੈਸਰ ਪਾਲ ਸਿੰਘ, ਕਰਨਲ ਬਲਬੀਰ ਸਿੰਘ ਸਰਾਂ, ਸਕੂਲ ਦੇ ਪ੍ਰਿੰਸੀਪਲ ਮਨਪ੍ਰੀਤ ਸਿੰਘ ਸੁਸ਼ੋਭਿਤ ਹੋਏ। ਮੰਚ ਸੰਚਾਲਕ ਦੀ ਭੂਮਿਕਾ ਪ੍ਰਸਿੱਧ ਲੇਖਕ ਇਕਬਾਲ ਘਾਰੂ ਨੇ ਬਾਖੂਬੀ ਨਿਭਾਈ। ਪੁਸਤਕ " ਮਾਹੌਲ " ਉੱਪਰ ਪੇਪਰ ਇੰਜੀਨੀਅਰ ਦਰਸ਼ਨ ਸਿੰਘ ਰੋਮਾਣਾ ਨੇ ਪੜ੍ਹਿਆ ਜਿਸ ਤੇ ਭੱਖਵੀ ਬਹਿਸ ਹੋਈ। ਉਸ ਤੋਂ ਬਾਅਦ ਪ੍ਰਸਿੱਧ ਲੇਖਕ ਪ੍ਰੋਫੈਸਰ ਤਰਸੇਮ ਨਰੂਲਾ ( ਜੈਤੋ) ਨੇ ਨਵਰਾਹੀ ਸਾਹਿਬ ਦੀ ਕਵਿਤਾ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਚਾਨਣਾ ਪਾਇਆ। ਹੋਰ ਬੁਲਾਰਿਆਂ ਵਿੱਚ ਸ਼੍ਰੀ ਮਨਜੀਤ ਪੁਰੀ ਜ਼ਿਲ੍ਹਾ ਭਾਸ਼ਾ ਅਫ਼ਸਰ ਫਰੀਦਕੋਟ, ਪ੍ਰਸਿੱਧ ਸ਼ਾਇਰ ਵਿਜੇ ਵਿਵੇਕ, ਕਰਨਲ ਬਲਬੀਰ ਸਿੰਘ ਸਰਾਂ, ਪ੍ਰੋਫੈਸਰ ਪਾਲ ਸਿੰਘ, ਦਲਜੀਤ ਰਾਏ ਕਾਲੀਆ



( ਜੀਰਾ) , ਸਾਧੂ ਸਿੰਘ ਚੌਹਾਨ ( ਘੁਗਿਆਣਾ ) , ਲਾਲ ਸਿੰਘ ਕਲਸੀ ਆਦਿ ਸਨ। ਪ੍ਰੋਫੈਸਰ ਨਰਿੰਦਰਜੀਤ ਸਿੰਘ ਬਰਾੜ ਨੇ ਜੋ ਪ੍ਰਿੰਸੀਪਲ ਨਵਰਾਹੀ ਜੀ ਦੀ ਲੇਖਣੀ ਅਤੇ ਸ਼ਖ਼ਸੀਅਤ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਉਹ ਬਾਕਮਾਲ ਦੀ ਸੀ। ਸਮਾਗਮ ਦੇ ਦਰਮਿਆਨ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਦੀ ਦਿਲੀ ਇੱਛਾ ਅਨੁਸਾਰ ਉਨ੍ਹਾਂ ਦੀ ਇੱਕ ਹਰਮਨ ਪਿਆਰੀ ਰਚਨਾ ਜੋ ਦਸ਼ਮੇਸ਼ ਪਿਤਾ ਨੂੰ ਮੁਖਾਤਿਬ ਸੀ " ਤੂੰ ਸ਼ਹਿਨਸ਼ਾਹ –ਏ – ਆਲਮ " ਇਕਬਾਲ ਘਾਰੂ ਨੇ ਤਰੰਨਮ 'ਚ ਪੇਸ਼ ਕਰ ਕੇ ਸਭ ਨੂੰ ਮੰਤਰ – ਮੁਗਧ ਕੀਤਾ। ਉਸ ਤੋਂ ਬਾਅਦ ਦੂਰੋਂ ਨੇੜਿਓਂ ਆਏ ਕਵੀ ਸੱਜਣਾਂ ਨੇ ਆਪਣੇ ਬਹੁਰੰਗੇ ਕਲਾਮ ਪੇਸ਼ ਕੀਤੇ ਜਿਨ੍ਹਾਂ ਵਿੱਚ ਪੰਜਾਬੀ ਦੇ ਨੌਜਵਾਨ ਲੇਖਕ ਵਤਨਵੀਰ ਜ਼ਖਮੀ, ਜੀਤ ਗੋਲੇਵਾਲੀਆ, ਸੁਰਿੰਦਰਪਾਲ ਸ਼ਰਮਾ ਭਲੂਰ, ਹਰਸੰਗੀਤ ਸਿੰਘ ਗਿੱਲ, ਅਮਰਜੀਤ ਬਰਾੜ, ਜੱਸਾ ਫੇਰੂਕੇ ,ਨਾਹਰ ਸਿੰਘ ਗਿੱਲ, ਮੁਖਤਿਆਰ ਸਿੰਘ ਵੰਗੜ, ਕੁਲਵਿੰਦਰ ਭਾਣਾ, ਗੁਰਤੇਜ ਪੱਖੀ ਕਲਾਂ, ਸਾਧੂ ਸਿੰਘ ਚਮੇਲੀ, ਸੁਖਰਾਜ ਜੀਰਾ, ਬਲਬੀਰ ਲੋਹਗੜ੍ਹ, ਦੀਪ ਜੀਰਵੀ ( ਜੀਰਾ) , ਪਰਮਜੀਤ ਪੱਪੂ , ਗੁਰਮੀਤ ਸਿੰਘ , ਮੇਜਰ ਸਿੰਘ ਸੇਵਾ ਮੁਕਤ ਡੀ. ਐਸ. ਪੀ. , ਬਲਬੀਰ ਸਿੰਘ ਧੀਰ, ਬਲਵੰਤ ਰਾਏ ਗੱਖੜ, ਗਗਨਦੀਪ ਸਿੰਘ, ਸ਼ਵਿੰਦਰ ਸਿੰਘ, ਸਾਕੀ ਫਰੀਦਕੋਟੀ , ਜਸਮੀਤ ਸਿੰਘ, ਹਰਪਾਲ ਸਿੰਘ, ਕਰਨਜੀਤ ਦਰਦ, ਆਕਾਸ਼ ਦਰਦ, ਸਤਨਾਮ , ਜਗਦੀਪ ਆਦਿ ਸਨ। ਉਸ ਤੋਂ ਬਾਅਦ ਨਵਰਾਹੀ ਜੀ ਨੇ ਆਪਣੀ ਕਲਮ ਦੀ ਆਵਾਜ਼ ਤਕਰੀਬਨ ਪੰਜਾਹ ਸਾਲਾਂ ਤੋਂ ਅਵਾਮ ਤੱਕ ਪਹੁੰਚਾਉਣ ਦਾ ਜੋ ਉਪਰਾਲਾ ਕੀਤਾ ਉਸ ਤਸਵੀਰ ਸਾਹਿਤਕਾਰਾਂ ਦੇ ਸਨਮੁਖ ਪੇਸ਼ ਕਰ ਕੇ ਵਾਹ ਵਾਹ ਖੱਟੀ ਅਤੇ ਨਾਲ ਹੀ ਉਨ੍ਹਾਂ ਆਏ ਹੋਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਅਮਰਜੀਤ ਸਿੰਘ ਗੋਲੇਵਾਲਾ ਵੱਲੋਂ ਪੁਸਤਕ ਪ੍ਰਦਰਸ਼ਨੀ ਲਾਉਣ ਤੇ ਸ਼ੁਕਰੀਆ ਅਦਾ ਕੀਤਾ। ਅਖੀਰ ਵਿੱਚ ਸਕੂਲ ਦੇ ਚੇਅਰਮੈਨ ਸਾਹਿਬ ਸ. ਸਵਰਨਜੀਤ ਸਿੰਘ ਗਿੱਲ ਨੇ ਖੁਸ਼ੀ ਪ੍ਰਗਟ ਕਰਦਿਆਂ ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨਵਰਾਹੀ ਸਾਹਿਬ ਦੀ ਲੇਖਣੀ ਦੀ ਪ੍ਰਸ਼ੰਸਾ ਕਰਦਿਆਂ ਸਮੂਹ ਸਾਹਿਤਕਾਰਾਂ ਨੂੰ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚੱਲਣ ਲਈ ਪ੍ਰੇਰਿਤ ਕੀਤਾ ਅਤੇ ਆਪਣੀ ਕਲਮ ਰਾਹੀਂ ਸਮਾਜ ਦੇ ਦੁੱਖ ਦਰਦਾਂ ਨੂੰ ਉਲੀਕਣ ਅਤੇ ਪੇਸ਼ ਕਰਨ ਲਈ ਹਲਾਸ਼ੇਰੀ ਦਿੱਤੀ।

# ਮੁਲਾਜਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਲੋਕਾਂ ਦੇ ਹੋਏ ਜਾਨੀ- ਮਾਲੀ ਨੁਕਸਾਨ ਦਾ ਢੁਕਵਾਂ ਮੁਆਵਜਾ ਦੇਣ ਲਈ ਪੰਜਾਬ ਸਰਕਾਰ ਤੋਂ ਕੀਤੀ ਮੰਗ

## ਡੀ ਸੀ ਮਾਲੇਰਕੋਟਲਾ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਭੇਜਿਆ ਮੰਗ ਪੱਤਰ

**ਮਾਲੇਰਕੋਟਲਾ: (ਰਮੇਸ਼ਵਰ ਸਿੰਘ )** ਅੱਜ ਇੱਥੇ ਪੰਜਾਬ ਮੁਲਾਜਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਫੈਂਸਲੇ ਮੁਤਾਬਕ ਜਿਲਾ ਇਕਾਈ ਮਾਲੇਰਕੋਟਲਾ ਦੇ ਆਗੂਆਂ ਵੱਲੋਂ ਡਿਪਟੀ ਕਮਿਸਨਰ ਮਾਲੇਰਕੋਟਲਾ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਸ: ਭਗਵੰਤ ਮਾਨ ਜੀ ਨੂੰ ਪੰਜਾਬ ਵਿੱਚ ਆਏ ਹੜ੍ਹਾਂ ਦੌਰਾਨ ਲੋਕਾਂ ਦੇ ਹੋਏ ਜਾਨੀ ਮਾਲੀ ਨੁਕਸਾਨ ਦਾ ਢੁਕਵਾਂ ਮੁਆਵਜਾਂ ਦੇਣ ਸਬੰਧੀ ਮੰਗ ਪੱਤਰ ਦਿੱਤਾ ਗਿਆ ਮਾਨਯੋਗ ਡੀਸੀ ਸਾਹਿਬ ਦੇ ਉੱਚ ਪੱਧਰੀ ਮੀਟਿੰਗ ਦੇ ਰੁਝੇਵੇਂ ਕਾਰਨ ਉਹਨਾਂ ਵੱਲੋਂ ਸ੍ਰੀ ਅਮ੍ਰਿਤਪਾਲ ਸਿੰਘ ਪੰਨੂੰ ਸੁਪਰਡੈਂਟ ਵੱਲੋਂ ਬਫਦ ਤੋਂ ਮੰਗ ਪੱਤਰ ਪ੍ਰਾਪਤ ਕੀਤਾ ਬਫਦ ਵਿੱਚ ਮੁਲਾਜਮ ਤੇ ਪੈਨਸਨਰਜ਼ ਆਗੂ ਰਣਜੀਤ ਸਿੰਘ ਰਾਣਵਾਂ,ਜਸਵੰਤ ਸਿੰਘ ਬਨਭੌਰੀ,ਬਹਾਦਰ ਸਿੰਘ,ਕੁਲਵੰਤ ਸਿੰਘ ਸਰਵਰ-ਪੁਰ,ਹਰਬੰਸ ਸਿੰਘ ਦੌਦ,ਮੁਕੰਦ ਸਿੰਘ,ਨਿਰਮਲ ਸਿੰਘ ਫਲੌਂਡ, ਰਾਏ ਸਿਕੰਦਰ ਸਿੰਘ ,ਬਲਵੰਤ ਸਿੰਘ,ਨਾਹਰ ਸਿੰਘ ਨੌਧਰਾਣੀ ਅਤੇ ਪਿਆਰਾ ਸਿੰਘ ਖਾਲਸਾ ਸਾਮਲ ਸਨ ਮੰਗ ਪੱਤਰ ਰਾਹੀਂ ਪੰਜਾਬ ਸਰਕਾਰ ਤੋਂ ਪੁਰਜੋਰ ਮੰਗ ਕੀਤੀ ਕਿ ਹੜਾਂ ਕਾਰਨ ਅਣਕਿਆਸੀ ਮੌਤ ਦਾ ਵਾਰਸਾਂ ਨੂੰ 20 ਲੱਖ ਰੁਪੈ ਮੁਆਵਜਾ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਦਿੱਤੀ ਜਾਵੇ,ਕਿਸਾਨਾਂ ਦੀ ਬਰਬਾਦ ਹੋਈ ਫਸਲ ਦਾ 50 ਹਜਾਰ ਰੁਪੈ ਪ੍ਰਤੀ ਏਕੜ ਮੁਆਵਜਾ,ਖੇਤ ਚੋਂ



ਰੇਤ/ਗਾਰ ਕੱਢਣ ਦਾ 10 ਹਜਾਰ ਰੁਪੈ ਪ੍ਰਤੀ ਏਕੜ ਅਤੇ ਬੇ ਜਮੀਨੇਂ ਲੋਕਾਂ ਨੂੰ 50 ਹਜਾਰ ਰੁਪੈ ਪ੍ਰਤੀ ਪਰਿਵਾਰ ਫੌਰੀ ਮੁਆਵਜਾ ਦਿੱਤਾ ਜਾਵੇ,ਹੜਾਂ ਵਿੱਚ ਰੁੜੀਆਂ ਜਾਂ ਮਰੀਆਂ ਮੱਝਾਂ ਗਾਵਾਂ ਦਾ ਇੱਕ ਲੱਖ ਰੁਪੈ ਪ੍ਰਤੀ ਪਸੂ ਮੁਆਵਜਾ ਦਿੱਤਾ ਜਾਵੇ,ਹੜਾਂ ਜਾਂ ਬਰਸਾਤ ਕਾਰਨ ਢਹਿ ਗਏ ਘਰਾਂ ਦਾ 5 ਲੱਖ ਰੁਪੈ ਮੁਆਵਜਾ ਦਿੱਤਾ ਜਾਵੇ,ਹੜਾਂ ਤੋਂ ਪ੍ਰਭਾਵਤ ਹੋਏ ਮਜਦੂਰਾਂ,ਦੁਕਾਨਦਾਰਾਂ ਨੂੰ ਢੁਕਵਾਂ ਮੁਆਵਜਾ ਦਿੱਤਾ ਜਾਵੇ,ਸਕੂਲਾਂ,ਕਾਲਜਾਂ,ਅਤੇ ਹੋਰ ਵਿਦਿਅਕ ਅਦਾਰਿਆਂ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਹੜ੍ਹ ਪ੍ਰਭਾਵਤ ਇਲਾਕਿਆਂ ਦੇ ਵਿਦਿਆਰਥੀਆਂ ਦੀਆਂ ਫੀਸਾਂ ,ਬੋਰਡ ਜਮਾਤਾਂ ਵਿੱਚ ਦਾਖਲਾ ਫੀਸਾਂ ਮੁਆਫ ਕੀਤੀਆਂ ਜਾਣ,ਜਲ ਸਰੋਤ ਅਤੇ ਡਰੇਨਜ ਵਿਭਾਗ ਵਿੱਚ ਖਤਮ ਕੀਤੀਆਂ 8635 ਬੇਲਦਾਰਾਂ ਦੀਆਂ ਰੈਗੂਲਰ ਅਸਾਮੀਂਆਂ ਤੁਰੰਤ ਬਹਾਲ ਕਰਕੇ ਰੈਗੂਲਰ ਭਰਤੀ ਕੀਤੀ ਜਾਵੇ ਅਤੇ ਸਮੂਹ ਵਿਭਾਗਾਂ ਅੰਦਰ ਦਰਜਾਚਾਰ ਦੀਆਂ ਪੋਸਟਾਂ ਖਤਮ ਕਰਨ ਦੀ ਨੀਤੀ ਵਾਪਸ ਲਈ ਜਾਵੇ ਆਦਿ ।

**ਜਾਰੀ ਕਰਤਾ :ਰਣਜੀਤ ਸਿੰਘ ਰਾਣਵਾਂ 94631-67295**

# ਜਵਾਂ ਅਮਰੀਕਾ ਵਰਗੇ

ਕੱਲ੍ਹ ਹੀ ਫਬ ਤੇ ਪੜ੍ਹਿਆ ਸੀ ਕਿ ਅਸੀਂ ਭਾਰਤ ਵਿੱਚ ਤਿੰਨ ਟਾਈਮ ਖਾਣਾ ਬਣਾਉਂਦੇ ਹਾਂ। ਸਵੇਰੇ ਨਾਸ਼ਤਾ ਦੁਪਹਿਰੇ ਲੰਚ ਤੇ ਸ਼ਾਮੀ ਡਿਨਰ। ਪਰ ਅਮਰੀਕਾ ਵਿੱਚ ਲੋਕ ਹਫਤੇ ਵਿੱਚ ਦੋ ਵਾਰ ਹੀ ਖਾਣਾ ਬਣਾਉਂਦੇ ਹਨ। ਫਿਰ ਫਰਿੱਜ ਤੇ ਮੈਕਰੋਵੇਵ ਦੀ ਸਹਾਇਤਾ ਨਾਲ ਕਈ ਦਿਨਾਂ ਤੱਕ ਖਾਂਦੇ ਹਨ। ਪਿੰਡਾਂ ਵਿੱਚ ਨਾਸ਼ਤਾ ਨਹੀਂ ਸੀ ਬਣਦਾ ਸਵੇਰੇ ਸਿੱਧਾ ਖਾਣਾ ਹੀ ਬਣਦਾ ਸੀ। ਦੁਪਹਿਰ ਦੀ ਚਾਹ ਨਾਲ ਠੰਢੀਆਂ ਰੋਟੀਆਂ ਖਾਣ ਨੂੰ ਦੁਪਹਿਰੀਆ ਕਿਹਾ ਜਾਂਦਾ ਸੀ। ਉਂਜ ਰਾਤ ਦੀਆਂ ਬਚੀਆਂ ਰੋਟੀਆਂ ਤੇ ਲੂਣ ਭੁੱਕਕੇ ਯ ਅਚਾਰ ਨਾਲ ਖਾਣ ਨੂੰ ਵੀ ਨਾਸ਼ਤੇ ਦੀ ਕੈਟਾਗਿਰੀ ਵਿੱਚ ਰੱਖਿਆ ਜਾਂਦਾ ਸੀ। ਨਾਸ਼ਤਾ ਤੇ ਦੁਪਹਿਰ ਦੀ ਰੋਟੀ ਕੰਮ ਤੇ ਜਾਣ ਵਾਲਿਆਂ ਤੇ ਮੰਨਸਰ ਕਰਦੀ ਸੀ। ਕਾਫੀ ਸਮਾਂ ਸਾਡੇ ਘਰ ਵੀ ਤਿੰਨ ਟਾਈਮ ਤਵਾ ਤਪਦਾ ਰਿਹਾ। ਪਰ ਦੁਪਹਿਰ ਦੀ ਰੋਟੀ ਖਿਸਕਦੀ ਖਿਸਕਦੀ ਤਿੰਨ ਚਾਰ ਵਜੇ ਤੇ ਪਹੁੰਚ ਗਈ ਤੇ ਰਾਤ ਵਾਲੀ ਰੋਟੀ ਅੱਠ ਵਜੇ ਤੋਂ ਚੱਲੀ ਦਸ ਗਿਆਰਾਂ ਵਜੇ ਤੇ ਪਹੁੰਚ ਗਈ। ਕਾਰਣ ਕੁਝ ਵੀ ਨਹੀਂ। ਵੇਲੇ ਦੀ ਤਬਦੀਲੀ ਸੀ। ਭਲੇ ਵੇਲਿਆਂ ਵਿੱਚ ਭਾਂਡੇ ਮਾਂਜਣੇ, ਕਪੜੇ ਧੋਣੇ, ਪ੍ਰੈਸ ਕਰਨੇ, ਪੋਚੇ ਲਾਉਣੇ, ਡਸਟਿੰਗ ਕਰਨੀ, ਰੋਟੀ ਪਕਾਉਣੀ ਅਤੇ ਬਾਕੀ ਦੇ ਸਾਰੇ ਨਿੱਕ ਸੁੱਕ ਕੰਮ ਮਾਤਾ ਤੇ ਉਸ ਦੀਆਂ ਨੂੰਹਾਂ ਆਪੇ ਕਰਿਆ ਕਰਦੀਆਂ ਸਨ। ਹੋਲੀ ਹੋਲੀ ਘਰੇ ਦੇ ਕੰਮਾਂ ਵਿੱਚ ਵਿਦੇਸ਼ੀ ਕੰਪਨੀਆਂ ਵਾਂਗੂ ਬਾਹਰਲਿਆਂ ਦੀ ਇੰਟਰੀ ਹੋਣੀ ਸ਼ੁਰੂ ਹੋ ਗਈ। ਪਹਿਲਾਂ ਕਪੜੇ ਧੋਣ ਵਾਲ਼ੀ ਰੱਖੀ ਫਿਰ ਪੋਚੇ ਤੇ ਸਫ਼ਾਈਆਂ ਵਾਲੀ ਨੇ ਆਪਣਾ ਚਾਰਜ ਸੰਭਾਲ ਲਿਆ। ਫਿਰ ਹੋਲੀ ਹੋਲੀ ਕਪੜੇ ਪ੍ਰੈਸ ਕਰਨ ਵਾਲਾ ਵੀ ਗੇੜੇ ਮਾਰਦਾ ਮਾਰਦਾ ਆਪਣੇ ਮਿਸ਼ਨ ਵਿੱਚ ਸਫਲ ਹੋ ਗਿਆ। ਸਟੀਲ ਤੇ ਚੀਨੀ ਦੇ ਭਾਂਡੇ ਆਉਣ ਨਾਲ ਮਾਂਜਣ ਦਾ ਕੰਮ ਤਾਂ ਮੁੱਕ ਹੀ ਗਿਆ ਸੀ ਬਸ ਫਿਰ ਵਿਮ ਬਾਰ ਘਸਾਉਣੀ ਵੀ ਔਖੀ ਹੋ ਗਈ। ਜਦੋਂ ਕੋਈਂ ਤੁਹਾਡੀ ਰਸੋਈ ਵਿੱਚ ਵੜ੍ਹ ਹੀ ਗਿਆ ਤਾਂ ਹੋਲੀ ਹੋਲੀ ਚੁੱਲ੍ਹਾ ਚੌਂਕਾ



ਵੀ ਤੁਹਾਡੇ ਹੱਥੋਂ ਗਿਆ। ਬਹੁਤੇ ਘਰਾਂ ਨਾਲ ਇੰਜ ਹੀ ਹੋਇਆ। ਗੋਡੇ ਗਿੱਟਿਆਂ ਦੇ ਦਰਦ ਨੇ ਇੰਨਾ ਬੇਹਾਲ ਕੀਤਾ ਕਿ ਘਰ ਦਾ ਤਵਾ ਤੇ ਚਕਲਾ ਬੇਲਣਾ ਵੀ ਹੱਥੋਂ ਗਏ। ਹੁਣ ਖਾਣ ਪੀਣ ਨੂੰ ਵੀ ਮੁਥਾਜ ਹੋ ਗਏ। ਪ੍ਰਵੀਨ, ਸੋਨੀਆ ਤੇ ਵਨੀਤਾ ਦੀਆਂ ਪੱਕੀਆਂ ਨਸੀਬਾਂ ਵਿੱਚ ਲਿਖੀਆਂ ਗਈਆਂ। ਗੱਲ ਇਥੇ ਵੀ ਖਤਮ ਨਹੀਂ ਹੋਈ। ਗੋਡੇ ਗਿੱਟੇ ਆਪਣਾ ਰੋਣਾ ਉਸੇ ਤਰਾਂ ਹੀ ਰੋਂਦੇ ਰਹੇ ਤੇ ਲੱਤਾਂ ਨੇ ਝਰਨ ਝਰਨ ਕਰਨਾ ਬੰਦ ਨਹੀਂ ਕੀਤਾ।

ਜਦੋਂ ਰਸੋਈ ਤੇ ਵਿਦੇਸ਼ੀ ਕਬਜ਼ਾ ਹੋ ਗਿਆ ਯ ਅਸੀਂ ਆਪਣੀਆਂ ਰਸੋਈਆਂ ਖੁਦ ਵਿਦੇਸ਼ੀਆਂ ਭਾਵ ਬਾਹਰਲਿਆਂ ਨੂੰ ਸੌਂਪ ਦਿੱਤੀਆਂ ਤਾਂ ਅਸੀਂ ਵੀ ਅਮਰੀਕਾ ਵਾਲਿਆਂ ਵਾਂਗੂ ਮਾਇਕਰੋਵੇਵ ਅਤੇ ਫਰਿੱਜ ਨਾਲ ਬੰਨੇ ਗਏ। ਓਹਨਾ ਨੇ ਸਵੇਰੇ ਅੱਠ ਵਜੇ ਆਕੇ ਸਾਡੀਆਂ ਗਿਣਵੀਆਂ ਰੋਟੀਆਂ ਪਕਾਉਣੀਆਂ ਹੁੰਦੀਆਂ ਹਨ ਤੇ ਫਟਾਫਟ ਬਿਨਾਂ ਨਮਕ ਮਿਰਚ ਮਸਾਲਾ ਚੈੱਕ ਕੀਤੇ ਸਬਜ਼ੀ ਬਣਾਕੇ ਰੱਖਣੀ ਹੁੰਦੀ ਹੈ। "ਮੈਂ ਜਾ ਰਹੀ ਹੂੰ।" ਕਹਿਕੇ ਅਗਲੇ ਘਰ ਦਾ ਚੁੱਲ੍ਹਾ ਤਪਾਉਣਾ ਹੁੰਦਾ ਹੈ। ਇਸੇ ਤਰਾਂ ਸ਼ਾਮ ਨੂੰ ਛੇ ਵਜੇ ਤੋਂ ਸ਼ੁਰੂ ਕਰਕੇ ਕਈਆਂ ਦੀ ਖੁਰਲੀ ਤਿਆਰ ਕਰਨੀ ਹੁੰਦੀ ਹੈ। ਕੋਈਂ ਨੋ ਵਜੇ ਖਾਵੇ ਯ ਗਿਆਰਾਂ ਵਜੇ। ਉਹਨਾਂ ਨੂੰ ਕਿਸੇ ਦੀ ਬਿਮਾਰੀ ਭੁੱਖ ਤਬੀਅਤ ਮੂਡ ਨਾਲ ਕੋਈਂ ਮਤਲਬ ਨਹੀ ਹੁੰਦਾ। ਕਿਉਂਕਿ ਉਥੇ ਮੋਂਹ ਮਮਤਾ ਨਹੀਂ ਮਹੀਨੇ ਦੇ ਬੱਝਵੇ ਪੈਸੇ ਬੋਲਦੇ ਹਨ। "ਜੈਸਾ ਖਾਈਏ ਅੰਨ ਵੈਸਾ ਹੋਵੇ ਮਨ" ਅਨੁਸਾਰ ਰੋਟੀ ਖਾਣਾ ਵੀ ਇੱਕ ਫਾਰਮੇਲਟੀ ਬਣ ਗਿਆ। ਮੋਂਹ ਤੇ ਸ਼ਰਧਾ ਰਸੋਈ ਤੋਂ ਗਾਇਬ ਹੋ ਗਈ। ਪਰ ਬਿਮਾਰੀਆਂ ਦੁੱਖਾਂ ਤੇ ਦਰਦਾਂ ਨੇ ਪਿੱਛਾ ਨਹੀਂ ਛੱਡਿਆ। ਹੋਲੀ ਹੋਲੀ ਮਾਲਿਸ਼ ਵਾਲੀ ਵੀ ਰੈਗੂਲਰ ਹੋ ਗਈ। ਖਾਣੇ ਦਾ ਸਿਸਟਮ ਜਰੂਰ ਬਦਲਿਆ। ਪਰ ਕਹਿੰਦੇ ਅਮਰੀਕਾ ਵਿੱਚ ਮੇਡ ਨਹੀਂ ਮਿਲਦੀ ਪਰ ਮਸ਼ੀਨਾਂ ਮਿਲ ਜਾਂਦੀਆਂ ਹਨ।

ਹੋ ਗਿਆ ਨਾ ਅਮਰੀਕਾ ਵਾਲਾ ਹਾਲ।




**ਰਮੇਸ਼ ਸੇਠੀ ਬਾਦਲ**
**ਸਾਬਕਾ ਸੁਪਰਡੈਂਟ**

Namo Buddhaye



DHAMMA WAVES

Jai Bheem



Watch us Live on Facebook every Sunday at 8 pm Indian Time
live call : +91-966-797-2248
E-mail : dhammawaves.info@gmail.com

Follow Us : www.Dhammawaves.com Dhammawaves
E-mail : dhammawaves.info@gmail.com

## ਨਮੋ ਬੁੱਧਾ , ਜੈ ਭੀਮ

## ਧੰਮਾ ਵੇਵਸ ਲੰਡਨ, ਯੂ ਕੇ ਤੇ ਹਰ ਬੁੱਧਵਾਰ ਇਕ ਵਿਸ਼ੇਸ ਪ੍ਰੋਗਰਾਮ ਹੋਸਟ : ਮਨੋਹਰ ਬਿਰਦੀ ਅਤੇ ਖੁਸ਼ਵਿੰਦਰ ਕੁਮਾਰ ਪੇਸ਼ ਕਰਦੇ ਹਨ

## ਸਿਤੰਬਰ,17.2025

## ਭਾਰਤੀ ਸਮਾਂ ਰਾਤ 8.00 ਵਜੇ

## ਫੇਸਬੁੱਕ ਤੇ ਲਾਈਵ

ਇਸ ਬੁੱਧਵਾਰ ਦਾ ਵਿਸ਼ਾ
"ਅਨਾਗਰਿਕ ਧਰਮਪਾਲ ਦੇ ਜਨਮ ਦਿਵਸ ਦੀ ਯਾਦ ਵਿੱਚ
17 ਸਤੰਬਰ, 1864"

## ਕਿਰਪਾ ਕਰਕੇ ਦੇਖੋ ਅਤੇ ਸ਼ੇਅਰ ਕਰੋ

चलो संविधान चौक नागपुर चलो संविधान चौक नागपुर चलो संविधान चौक नागपुर







# महाबोधि-महाविहार, बोधगया, मुक्ती आंदोलन

1 ) बौध्दों पर अन्याय करनेवाले बौध्द गया टेंपल अ‍ॅक्ट 1949 को निरस्त करना तथा

2 ) महाबोधी महाविहार का संपूर्ण प्रबंधन बौध्दों के हाथों में सौपने की प्रमुख मांगोंके समर्थन में



ऑल इंडिया बुध्दिष्ट फोरम, समता सैनिक दल, दि बुध्दिष्ट सोसायटी ऑफ इंडिया, महिला सशक्तीकरण संघ, राष्ट्रिय बौध्द महासभा तथा देश के विभिन्न बौध्द संघटनो द्वारा

- श्रीलंकाई बौध्द पुनरुज्जीवक, महाबोधि महाविहार बौध्द गया मुक्ती आंदोलन के प्रणेता,
- महाबोधि महाविहार के उध्दारन हेतु महाबोधि सोसायटी के संस्थापक,
- बौध्द धम्म के प्रचार एवं प्रसार तथा बुध्द का संदेश देश विदेशोंमे खासकर पश्चिमी देशों में फैलाने हेतु महत्वपुर्ण भुमिका निभानेवाले महान धम्मप्रचारक,
- महाबोधि महाविहार को ब्राम्हणवादी हिंदुओंके चंगुल से मुक्त कराने के लिए अपने जिवन की आखरी सांस तक संघर्ष करनेवाले महान धम्म सेनानी तथा
- स्वामी विवेकानंद को नई पहचान देनेवाले नेक इन्सान
- बौध्द धम्म के प्रगाढ पंडित तथा आधुनिक बौध्द धम्म के पहले पूर्णकालिक-भिख्खु कार्यकर्ता

# अनागरिक धम्मपाल जयंती कार्यक्रम -2025

## स्थल - संविधान चौक, नागपुर, दिनांक 17 सितंबर 2025, दोपहर 2 बजे से

- मुख्य अतिथि : आदरणीय कमलताई गवई (अमरावती)
- कार्यक्रम अध्यक्ष : भंते प्रज्ञाशिल, महाबोधि महाविहार मुक्ती आंदोलन के बौध्द गया स्थित धरना प्रमुख
- विशेष अतिथि : भदन्त सुरेई ससाई, मान. डॉ. आकाश लामा, मान. भदन्त डॉ.चंद्रकित्ती, मान. डॉ. चंद्रबोधी पाटिल, मान. भिमराव आंबेडकर, भदन्त करूणाकर, भदन्त सुमितपाल, श्रामनेर विनाचार्य, मान. सुनिल सारीपुत्त,
- मार्गदर्शक : आद. भदन्त धम्मशिखर, मान. प्रकाश दार्शनिक, मान. शंकर डेंगरे, भदन्त धम्मतप, भदन्त प्रियदशी, भदन्त नागदिपांकर, भदन्त श्रध्दमित्र
- विशेष उपस्थिति : भदन्त शीलवंस, भन्ते प्रज्ञाशील, भदन्त ज्ञानबोधी, गणवीर वानखेडे, ए.के. जिम्बाजी, पदमाकर गणवीर, भिक्षु नागधम्मरक्खि, अशोक जांभुळकर, निर्भय बागडे, उषा बौद्ध, सरोज राजवर्धन, डॉ. सरोज आगलावे, पुष्पा बौद्ध, तक्षशिला वाघधरे, छाया खोब्रागडे, सुनिता मेश्राम

अत: नागपुर तथा भारत के हर राज्य के बौध्द भिक्षु तथा अनुयाइयों से करबध्द निवेदन है की वे इस कार्यक्रम में उपस्थित रहकर कार्यक्रम को सफल बनाये, जयभीम नमो बुध्दाय।

संपर्क - 9990576546, 9960128142, 8848098656, 9420713213, 9422119445

नोट : कृपया अपने साथ रेनकोट या छत्री लेकर आये।

# ਮੇਲਿਆਂ ਵਿੱਚੋਂ ਮੇਲਾ-ਨਮਾਦਿਆਂ ਦਾ ਮੇਲਾ


ਆਧੁਨਿਕਤਾ ਦੇ ਦੌਰ ਵਿੱਚ ਸੰਸਕ੍ਰਿਤਿਕ ਮੇਲੇ ਕੰਟਰੀ ਮਾਲਾਂ ਜਾਂ ਵਿਆਹ ਸ਼ਾਦੀਆਂ ਵਾਲੇ ਮੈਰਿਜ ਪੈਲੇਸਾਂ ਦੀ ਭੇਟ ਚੜ੍ਹ ਗਏ ਹਨ। ਹੁਣ ਤਾਂ ਇਹਨਾਂ ਦੀ ਮਾਨਤਾ ਨਾਂਹ ਦੇ ਬਰਾਬਰ ਹੋ ਗਈ ਹੈ। ਪਰ ਥੋੜੀ ਬਹੁਤੀ ਵਿਵਸਥਾ, ਗੂੱਗੇ ਤੇ ਮੱਥਾ ਟੇਕਣ ਤੇ ਛੋਟੀਆਂ ਮੋਟੀਆਂ ਦੁਕਾਨਾਂ ਤੱਕ ਸੀਮਤ ਰਹਿ ਗਈ ਹੈ।ਕਲਚਰਲ ਮੇਲਿਆਂ ਵਿੱਚੋਂ ਨਮਾਦਿਆਂ ਦੇ ਮੇਲੇ ਦੀ ਝੰਡੀ ਹੈ। ਇਨ੍ਹਾਂ ਦੀ ਸ਼ੁਰੂਆਤ, ਵੀਹਵੀਂ ਸਦੀ ਦੇ ਆਰੰਭ ਵਿੱਚ ਗੂਗੇ ਦੀ ਪੂਜਾ ਨਾਲ ਹੁੰਦੀ ਸੀ ਭੀਮਾਂ ਖੇੜੀ,ਮਾਜਰੀ,ਗਾਜੀਪੁਰ, ਕੂਲਬੁਰਛਾਂ, ਨਮਾਦਾਂ, ਗਾਜੇਵਾਸ, ਕਾਦਰਾਬਾਦ ਗਰੁੱਪ ਦੇ ਪਿੰਡਾਂ ਵਿੱਚੋਂ ਤਿੰਨ ਪਿੰਡਾਂ ਵਿੱਚ ਮਾਜਰੀ, ਉਸ ਤੋਂ ਬਾਅਦ ਕੂਲਬੁਰਛਾਂ, ਫਿਰ ਨਮਾਦਿਆਂ ਦਾ ਮੇਲਾ ਲੱਗਦਾ । ਹੌਲੀ ਹੌਲੀ ਮਾਜਰੀ ਦਾ ਮੇਲਾ ਛੋਟੀ ਜਿਹੀ ਮੇਲੀ ਰਹਿ ਗਈ। ਉਸ ਤੋਂ ਕੁਝ ਸਾਲਾਂ ਬਾਅਦ ਕੂਲਬੁਰਛਾਂ ਵਾਲਾ ਮੇਲਾ ਵੀ ਥੋੜਾ ਘੱਟ ਗਿਆ ਪਰਹੁਣ ਤਾਂ ਨਮਾਦਿਆਂ ਵਾਲੇ ਮੇਲੇ ਦੀ ਚਮਕ ਵੀ ਘੱਟ ਗਈ ਹੈ। ਕੂਲਬੁਰਛਾਂ ਦਾ ਮੇਲਾ ਸਾਵਣ ਦੇ ਮਹੀਨੇ ਦੀਆਂ ਤੀਆਂ ਤੋਂ ਬਾਅਦ, ਭਾਦੋਂ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ,ਉਸ ਤੋਂ ਨੌ ਦਿਨਾਂ ਬਾਅਦ ਨਮਾਦਿਆਂ ਵਾਲਾ ਮੇਲਾ, ਭਾਦੋਂ ਦੀ ਨੌਵੀਂ ਨੂੰ ਮਨਾਇਆ ਜਾਂਦਾ। ਨਮਾਦਿਆਂ ਵਾਲਾ ਮੇਲਾ ਦੋ ਦਿਨ ਚੱਲਦਾ, ਪਿੰਡ ਤੋਂ ਥੋੜੀ ਦੂਰੀ ਤੇ ਦੱਖਣੀ ਪੱਛਮੀ ਦਿਸ਼ਾ ਵਿੱਚ ਗੂਗੇ ਦੇ ਮੰਦਰ ਕੋਲ ਖੁੱਲੇ ਮੈਦਾਨ ਵਿੱਚ ਇਸ ਮੇਲੇ ਦੀ ਸ਼ੁਰੂਆਤ ਹੁੰਦੀ, ਪੰਚਾਇਤ ਵੱਲੋਂ ਪੂਰੀ ਸਾਫ-ਸਫਾਈ, ਮੰਦਰ ਨੂੰ ਕਲੀ-ਪੋਚਾ ਕਰਵਾ ਕੇ, ਪੂਜਾ ਕਰਵਾ ਕੇ ਦੁਕਾਨਦਾਰਾਂ ਨੂੰ ਥਾਵਾਂ ਦਿੱਤੀਆਂ ਜਾਂਦੀਆਂ । ਹਲਵਾਈਆਂ ਦੀਆਂ, ਖਿਡਾਉਣਿਆਂ ਦੀਆਂ, ਔਰਤਾਂ ਦੇ ਸ਼ਿੰਗਾਰ ਦੀਆਂ,ਪਸ਼ੂਆਂ ਦੇ ਸ਼ਿੰਗਾਰ,ਘੁੰਗਰੂਆਂ ਆਦਿ ਦੀਆਂ ਅਤੇ ਕਈ ਹੋਰ ਪ੍ਰਕਾਰ ਦੀਆਂ ਥਾਵਾਂ ਅਲਾਟ ਕੀਤੀਆਂ ਜਾਂਦੀਆਂ ਅਤੇ ਦੁਕਾਨਾਂ ਸੱਜਦੀਆਂ । ਸਵੇਰ ਵੇਲੇ ਜ਼ਿਆਦਾਤਰ ਬੱਚਿਆਂ ਤੇ ਔਰਤਾਂ ਦਾ ਰੌਣਕ ਮੇਲਾ ਹੁੰਦਾ। ਹਲਵਾਈਆਂ ਦੀਆਂ ਵਸਤਾਂ ਜਿਵੇਂ ਮੂਲ੍ਹੇ, ਪਤਾਸੇ, ਘਿਓਰ, ਬਰਫੀਆਂ, ਰਸਗੁੱਲੇ, ਗੁਲਾਬ-ਜਾਮਣਾਂ, ਜਲੇਬੀਆਂ, ਪਕੌੜੇ ਭੰਗ ਦੇ, ਗੱਚਕ, ਆਲੂ-ਕਚਾਲੂ ਆਦਿ ਤਿਆਰ ਹੁੰਦੇ। ਬੱਚਿਆਂ ਦੇ ਖਿਡਾਉਣੇ ਲੱਕੜ /ਪਲਾਸਟਿਕ ਦੇ, ਝੂਟਣ ਵਾਸਤੇ ਚੰਡੋਲ ਝੂਟੇ ,ਔਰਤਾਂ ਦੀਆਂ ਡੋਰੀਆਂ, ਸੁਰਖੀਆਂ ਬਿੰਦੀਆਂ ਇਤਿਆਦਿ।




ਦਿਨ ਢਲੇ ਸਿਆਸੀ ਕਾਨਫਰੰਸਾਂ ਅਕਾਲੀਆਂ, ਕਾਮਰੇਡਾਂ ਦਾ ਜ਼ੋਰ ਤੇ ਸ਼ੋਰ ਪੈਂਦਾ। ਕਵੀਸ਼ਰੀ ਜੱਥੇ ਅਤੇ ਬਾਬਿਆਂ ਦਾ ਗਿੱਧਾ ਵੀ ਆਪਣੀ ਆਪਣੀ ਹਾਜਰੀ ਲਵਾਉਂਦੇ ਸਨ। ਮੇਲਿਆਂ ਪ੍ਰਤੀ ਆਮ ਲੋਕਾਂ ਦੀ ਸ਼ਰਧਾ ਤੇ ਜੋਸ਼ੋ-ਖਰੋਸ਼ ਘੱਟ ਗਏ ਹਨ। ਅਖੀਰ ਤੇ ਛਿੰਝ ਪੈਂਦੀ, ਪਹਿਲਵਾਨਾਂ ਦੇ ਘੋਲ ਹੁੰਦੇ। ਬੈਲ ਗੱਡੀਆਂ ਦੀਆਂ ਦੌੜਾਂ ਵੀ ਹੁੰਦੀਆਂ। ਦੂਰੋਂ ਦੂਰੋਂ ਲੋਕ ਬੈਲ ਗੱਡੀਆਂ, ਊਠਾਂ, ਘੋੜਿਆਂ ਆਦਿਕ ਤੇ ਸਵਾਰੀ ਕਰਕੇ ਪਹੁੰਚਦੇ, ਸਥਾਨਕ ਪਿੰਡਾਂ ਵਾਲੇ ਪੈਦਲ ਹੀ ਗਹੀਰਾਂ ਬੰਨ ਕੇ ਆਉਂਦੇ। ਪਹਿਲੇ ਦਿਨ ਰੌਣਕ ਘੱਟ ਹੁੰਦੀ, ਦੂਸਰੇ ਦਿਨ ਕਾਫੀ ਵਧ ਜਾਂਦੀ, ਵਿਚਕਾਰਲੀ ਰਾਤ ਨੂੰ ਚੌਂਕੀਆਂ ਭਰਦੀਆਂ ਸਨ । ਦੂਸਰੇ ਦਿਨ ਤਿਲ ਸੁੱਟਣ ਨੂੰ ਵੀ ਥਾਂ ਨ੍ਹੀਂ ਮਿਲਦੀ ਸੀ।

ਬਹੁਤ ਭਾਰੀ ਭੀੜ ਹੁੰਦੀ, ਅਕਸਰ ਹੀ ਛੋਟੇ ਬੱਚਿਆਂ ਦੇ ਗੁੰਮ ਹੋਣ ਦੀਆਂ ਅਨਾਉਂਸਮੈਂਟਾਂ ਹੁੰਦੀਆਂ ਰਹਿੰਦੀਆਂ। ਬਹੁਤ ਹੀ ਨਵੀਆਂ ਨਵੀਆਂ ਗੱਲਾਂ ਦੇਖਣ ਨੂੰ ਮਿਲਦੀਆਂ। ਬਹੁਤ ਸਾਰੇ ਲੋਕ ਸਪੈਸ਼ਲ ਮੇਲਾ ਦੇਖਣ ਆਉਂਦੇ ਸਨ। ਵੱਡੇ ਵੱਡੇ ਸਿਆਸੀ ਲੀਡਰ ਵੀ ਮੇਲੇ ਦਾ ਸਿੰਗਾਰ ਬਣਦੇ, ਸਿਆਸੀ ਲੋਕ ਜੇ ਵੋਟਾਂ ਦਾ ਟਾਈਮ ਹੋਵੇ ਤਾਂ ਹੀ ਪਹੁੰਚਦੇ ਸਨ, ਪਰ ਹੁਣ ਤਾਂ ਵੋਟਾਂ ਦੇ ਪ੍ਰਚਾਰ ਦੇ ਤੌਰ ਤਰੀਕੇ ਹੀ ਬਦਲ ਗਏ ਹਨ। ਲੋਕਾਂ ਦੀ ਖਿੱਚ ਦਾ ਕੇਂਦਰ ਭਲਵਾਨੀ ਅਖਾੜੇ ਹੁੰਦੇ ਸਨ, ਮਾਲਵੇ ਦਾ ਛਾਜਲੀ ਵਾਲਾ ਰੋਹੀ ਰਾਮ ਭਲਵਾਨ ਅਤੇ ਜੋਗਿੰਦਰ ਸਿੰਘ ਕਕਰ-ਾਲੇ ਵਾਲਾ (ਨਾਭੇ ਕੋਲ) ਥੂਹੀ ਵਾਲਾ ਕਾਕਾ ਮਸ਼ਹੂਰ ਸਨ। ਘੁਲਣ ਵਾਲੇ ਤੇ ਤਲੀਆਂ ਖੇਡਣ ਵਾਲੇ ਸਥਾਨਕ ਪਹਿਲਵਾਨ ਮਾਜਰੀ ਦਾ ਕੇਸਰ, ਦਲਵਾਰੇ ਵਾਲੀਆਂ ਛੰਨਾਂ ਦਾ ਪਿਤਰੀ ਭਲਵਾਨ ਅਤੇ ਤਰੌੜੇ ਦਾ ਪਿਆਰਾ ਪਹਿ-ਲਵਾਨ ਮਸ਼ਹੂਰ ਸਨ। ਆਧੁਨਿਕਤਾ ਦੇ ਦੌਰ ਵਿੱਚ ਊਠਾਂ, ਘੋੜਿਆਂ, ਬੈਲ ਗੱਡੀਆਂ ਦੀ ਥਾਂ ਟਰੈਕਟਰਾਂ,ਕਾਰਾਂ,ਜੀਪਾਂ, ਮੋਟਰਸਾਈਕਲਾਂ, ਸਕੂਟਰਾਂ ਆਦਿ ਨੇ ਲੈ ਲਈ ਹੈ। ਇਕੱਠ ਪਹਿਲਾਂ ਵਾਂਗ ਨਹੀਂ ਭਰਦੇ ਹਨ। ਇਸੇ ਤਰ੍ਹਾਂ ਦੇ ਅਹਿਮਦਗੜ ਵੱਲ, ਛਪਾਰ ਦਾ ਮੇਲਾ ਤੇ ਜਰਗ ਦਾ ਮੇਲਾ ਮਸ਼ਹੂਰ ਸਨ ਜਿਹੜੇ ਸਾਡੀ ਸੰਸਕ੍ਰਿਤਿਕ ਸਾਂਝ ਨੂੰ ਪੀਡਾ ਕਰਦੇ ਸਨ। ਇਨ੍ਹਾਂ ਮੇਲਿਆਂ ਦੇ ਝੰਡਾਬਰਦਾਰ ਜਗਦੇਵ ਸਿੰਘ ਜੱਸੋਵਾਲ ਦਾ ਜ਼ਿਕਰ ਕਰਨਾ ਵੀ ਬਣਦਾ ਹੈ ਜਿਸ ਨੇ ਆਪਣੀ ਜ਼ਿੰਦਗੀ ਤੇ ਧਨ-ਦੌਲਤ ਇਨ੍ਹਾਂ ਮੇਲਿਆਂ ਦੇ ਉੱਤੋਂ ਵਾਰ ਦਿੱਤੀ।

ਬਚਪਨ ਤੋਂ ਲੈ ਕੇ, ਬੀਹਵੀਂ ਸਦੀ ਦੇ ਸੱਤਵੇਂ ਦਹਾਕੇ ਤੱਕ, ਮੈਂ ਨਮਾਦਿਆਂ ਦੇ ਮੇਲੇ ਨੂੰ ਦੇਖਦਾ ਰਿਹਾ ਹਾਂ। ਮੇਰੇ ਦੇਖਦੇ ਦੇਖਦੇ ਇਸ ਵਿੱਚ ਬਹੁਤ ਤਬਦੀਲੀਆਂ ਹੋ ਗਈਆਂ ਹਨ। ਇਸ ਦੀ ਮੁੱਢਲੀ ਸੰਸਕ੍ਰਿਤਿਕ ਦਿੱਖ ਵੀ ਬਹੁਤ ਬਦਲ ਗਈ ਹੈ। ਹੁਣ ਭੀੜਾਂ ਨਹੀਂ ਜੁੜਦੀਆਂ।



**ਅਮਰਜੀਤ ਸਿੰਘ ਤੂਰ ਪਿੰਡ ਕੂਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ # 639/40ਏ ਚੰਡੀਗੜ੍ਹ।ਫੋਨ ਨੰਬਰ : 987469639**



# ਪ੍ਰਵਾਸੀ ਮਜ਼ਦੂਰਾਂ ਸਾਹਮਣੇ ਪੰਜਾਬੀ ਬੇਵੱਸ ਕਿਉਂ?

ਅੱਜ ਦੇ ਮੁਕਾਬਲੇ 80 ਵੇਂ ਦਹਾਕੇ ਦੀ ਗੱਲ ਕਰੀਏ ਤਾਂ ਹਾਲਾਤ ਬਿਲਕੁਲ ਵੱਖਰੇ ਸਨ। ਜੋ ਨਵੇਂ ਦੌਰ ਦੀ ਪੀੜ੍ਹੀ ਦੀ ਸਮਝ ਤੋਂ ਪਰੇ ਦੀਆਂ ਗੱਲਾਂ ਹਨ। ਇਨਸਾਨ ਦੀ ਜ਼ਿੰਦਗੀ ਖੇਤੀਬਾੜੀ ਜਾਂ ਕਹਿ ਲਓ ਕਿਸਾਨੀ ਤੇ ਨਿਰਭਰ ਕਰਦੀ ਸੀ।

ਬੇਜ਼ਮੀਨੇ ਕਿਰਤੀ ਕਾਮੇ ਆਪਣੇ ਆਪਣੇ ਤਰੀਕਿਆਂ ਨਾਲ ਕਿਸਾਨ ਦੀ ਮੱਦਦ ਕਰਦੇ ਸਨ ਤੇ ਮਿਹਨਤ ਦੇ ਬਦਲੇ ਵਿੱਚ ਅਨਾਜ਼ ਦਿੱਤਾ ਜਾਂਦਾ ਸੀ। ਪੈਦਾ ਹੋਈ ਫ਼ਸਲ ਅਤੇ ਮਿਹਨਤ ਦੇ ਇਵਜ ਵਿੱਚ ਮਿਲਿਆ ਅਨਾਜ਼ ਆਮ ਜਨਜੀਵਨ ਦਾ ਆਧਾਰ ਸੀ।

ਫਿਰ 90 ਵੇਂ ਦਹਾਕੇ ਵਿੱਚ ਮਸ਼ੀਨੀ ਯੁੱਗ ਨੇ ਇਨਸਾਨ ਦੀ ਜ਼ਿੰਦਗੀ ਦੇ ਮਾਇਨੇ ਹੀ ਬਦਲ ਕੇ ਰੱਖ ਦਿੱਤੇ।

ਪੰਜਾਬ ਦੇ ਕਿਰਤੀਆਂ ਲੋਕਾਂ ਨੂੰ ਚਿੰਤਾਂ ਹੋਈ ਕੇ ਇਸ ਮਸ਼ੀਨੀ ਯੁੱਗ ਕਿਰਤੀਆਂ ਲਈ ਘਾਤਕ ਸਿੱਧ ਹੋਵੇਗਾ ਪਰ ਐਨਾ ਕੁ ਘਾਤਕ ਹੋਵੇਗਾ ਕਿਸੇ ਨੇ ਕਦੇ ਸੁਪਨੇ ਵਿਚ ਵੀ ਸੋਚਿਆ ਹੋਣਾ।

ਹਰ ਖੇਤਰ ਵਿੱਚ ਨਵੀਂ ਕ੍ਰਾਂਤੀ ਨੇ ਜਨਮ ਲਿਆ।

ਖੇਤੀ ਵਿੱਚ ਆਏ ਮਸ਼ੀਨੀਕਰਨ ਨੇ ਕਿਰਤੀ ਲੋਕਾਂ ਨੂੰ ਇੱਕ ਦਮ ਵਿਹਲੇ ਕਰ ਦਿੱਤਾ। ਕਿਰਤੀਆਂ ਤੇ ਕਿਸਾਨਾਂ ਦੀ ਭਾਈਚਾਰਕ ਸਾਂਝ ਵਿਚ ਦੂਰੀਆਂ ਪੈਣੀਆਂ ਸੁਭਾਵਿਕ ਸੀ।

ਸ਼ੁਰੂਆਤੀ ਦਿਨਾਂ ਵਿੱਚ ਕਿਸਾਨਾਂ ਤੇ ਵਪਾਰਕ ਅਦਾਰਿਆਂ ਨੇ ਸਸਤੀ ਲੇਬਰ ਦੇ ਚੱਕਰ ਵਿੱਚ ਗੁਆਂਢੀ ਸੂਬੇ ਜਿਵੇਂ ਯੂਪੀ, ਬਿਹਾਰ ਰਾਜਸਥਾਨ, ਹਿਮਾਚਲ ਪ੍ਰਦੇਸ਼ ਦੇ ਗਰੀਬ ਭਾਈਚਾਰੇ ਦੇ ਲੋਕਾਂ ਨੂੰ ਪੰਜਾਬ ਲ਼ੈ ਕੇ ਆਉਣਾ ਸ਼ੁਰੂ ਕੀਤਾ ਸੀ ।

ਇਹ ਸਸਤੀ ਲੇਬਰ ਪੰਜਾਬੀ ਕਿਰਤੀ ਕਾਮਿਆਂ ਦਾ ਬਦਲਾਅ ਸੀ।

ਕੁੱਝ ਸਮਾਂ ਇਹ ਲੇਬਰ ਖੇਤੀਬਾੜੀ ਦੇ ਕੰਮ ਕਰਕੇ ਵਾਪਸ ਆਪਣੇ ਸੂਬਿਆਂ ਨੂੰ ਪਰਤ ਜਾਂਦੀ ਰਹੀ।

ਇੱਕ ਦੂਜੇ ਤੋਂ ਪਹਿਲਾਂ ਕੰਮ ਨਿਬੇੜਨ ਦੀ ਦੌੜ ਨੇ ਇਨਾਂ ਪ੍ਰਵਾਸੀਆਂ ਨੂੰ ਲੰਬੜਦਾਰ ਤੇ ਠੇਕੇਦਾਰ ਬਨਣ ਵੱਲ ਤੋਰਿਆ।

ਹਰ ਸੀਜ਼ਨ ਵਿੱਚ ਆਇਆ ਨਵਾਂ ਪ੍ਰਵਾਸੀ ਅਗਲੇ ਸੀਜ਼ਨ ਵਿੱਚ ਠੇਕੇਦਾਰ ਬਣ ਕੇ ਆਪਣੇ ਨਾਲ 10-15 ਬੰਦੇ ਲ਼ੈ ਕੇ ਪਹੁੰਚਣ ਲੱਗਿਆ।

ਇਹ ਸਸਤੀ ਲੇਬਰ ਖੇਤੀਬਾੜੀ ਦੇ ਕੰਮ ਤੋਂ ਬਾਅਦ ਉਸਾਰੀ ਦੇ ਕੰਮਾਂ ਵਿੱਚ ਤੇ ਫਿਰ ਮੰਡੀਆਂ ਵਿੱਚ ਹੱਥ ਵਟਾਉਣ ਲੱਗੇ।

ਹੌਲੀ ਹੌਲੀ ਇਨ੍ਹਾਂ ਪ੍ਰਵਾਸੀਆਂ ਨੇ ਪੰਜਾਬ ਦੇ ਬੇਜ਼ਮੀਨੇ ਦਿਹਾੜੀਦਾਰ ਕਿਰਤੀਆਂ ਲੋਕਾਂ ਦੇ ਧੰਦਿਆਂ ਤੇ ਕਬਜ਼ਾ ਕਰ ਲਿਆ।

ਹੁਣ ਸਬਜ਼ੀਆਂ ਦੀਆਂ ਰੇਹੜੀਆਂ,, ਫਰੂਟ ,ਫਾਸਟ ਫੂਡ ਦੀਆਂ ਰੇਹੜੀਆਂ, ਬਿਲਡਿਗ ਉਸਾਰੀ ਦੇ ਕੰਮ, ਟਾਇਲ ਪੱਥਰ ਦੇ ਕੰਮ ਸ਼ਹਿਰਾਂ ਵਿੱਚ ਆਟੋ ਰਿਕਸ਼ਾ ਤੇ ਸਾਇਕਲ ਰਿਕਸ਼ਾ, ਵੱਡੀਆਂ ਛੋਟੀਆਂ ਸਾਰੀਆਂ ਫੈਕਟਰੀਆਂ , ਸ਼ਰਾਬ ਦੇ ਠੇਕਿਆਂ ਤੇ ਪੈਟਰੋਲ ਪੰਪਾਂ ਤੇ ਕਾਬਜ਼ ਹੋ ਗਏ।

ਰੇਤਾ ਬਜਰੀ ਦੇ ਕੰਮਾਂ ਤੇ ਹਸਪਤਾਲਾਂ ਤੇ ਸ਼ਹਿਰਾਂ ਵਿੱਚ ਸਫ਼ਾਈ ਕੰਮਾਂ ਵਿੱਚ ਹਰ ਪਾਸੇ ਪ੍ਰਵਾਸੀ ਹੀ ਪ੍ਰਵਾਸੀ ਨਜ਼ਰ ਆਉਂਦੇ ਹਨ।

ਜਿਥੇ ਪੰਜਾਬ ਦੇ ਲੋਕਾਂ ਨੂੰ ਸਸਤੀ ਲੇਬਰ ਮਿਲੀ ਉਥੇ ਸੰਗੀਨ ਅਪਰਾਧਾਂ ਨੇ ਜਨਮ ਲਿਆ।

ਪੰਜਾਬ ਵਿੱਚ ਅਣਗਿਣਤ ਮੰਗਤੇ ਹਰ ਛੋਟੇ ਵੱਡੇ ਸ਼ਹਿਰਾਂ ਗਲੀ ਮੁਹੱਲੇ, ਦੁਕਾਨ, ਬੱਸ ਅੱਡੇ ਰੇਲਵੇ ਸਟੇਸ਼ਨ, ਹਸਪਤਾਲ ਦੇ ਬਾਹਰ ਹੇੜਾਂ ਦੀਆਂ ਹੇੜਾਂ ਫਿਰਦੀਆ ਮਿਲ ਜਾਣਗੀਆਂ।

ਆਏ ਦਿਨ ਛੋਟੇ ਛੋਟੇ ਬੱਚੇ ਗੁੰਮ ਹੋਣ ਦੀਆਂ ਖਬਰਾਂ ਛੱਪਦੀਆਂ ਹਨ। ਇਹੀ ਗੁੰਮ ਹੋਏ ਬੱਚੇ ਤੁਹਾਨੂੰ ਦੇਸ਼ ਦੇ ਕਿਸੇ ਨਾ ਕਿਸੇ ਢਾਬੇ ਤੇ ਬਰਤਨ ਸਾਫ਼ ਕਰਦੇ ਦਿਖਾਈ ਦਿੰਦੇ ਹਨ ਜਾਂ ਸਫ਼ਾਈ ਕਾਰਜਾਂ ਵਿੱਚ ਲੱਗੇ ਦਿਸਦੇ ਹਨ।

ਛੋਟੀਆਂ ਛੋਟੀਆਂ ਬੱਚੀਆਂ ਦੇ ਬਲਾਤਕਾਰ ਵਿਚ ਇਨ੍ਹਾਂ ਪ੍ਰਵਾਸੀਆਂ ਦੀ ਸ਼ਮੂਲੀਅਤ ਪਾਈ ਜਾਂਦੀ ਹੈ।

ਲੰਮੇ ਸਮੇਂ ਤੋਂ ਪੰਜਾਬ ਵਿੱਚ ਗੁਰੂ ਗ੍ਰੰਥ ਸਾਹਿਬ ਦੀਆਂ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਵਿਚ ਇਨ੍ਹਾਂ ਪ੍ਰਵਾਸੀਆਂ ਨੂੰ ਵਰਤਿਆ ਗਿਆ।

ਹੁਣ ਮੱਧ ਵਰਗੀ ਪਰਿਵਾਰਾਂ ਤੋਂ ਲ਼ੈ ਕੇ ਕਾਰਪੋਰੇਟ ਘਰਾਣਿਆਂ ਤੱਕ ਸਭ ਲੋਕ ਪ੍ਰਵਾਸੀਆਂ ਤੇ ਪੂਰੀ ਤਰ੍ਹਾਂ ਨਿਰਭਰ ਹੋ ਚੁੱਕੇ ਹਨ।

ਹੁਣ ਲੋਕਾਂ ਨੂੰ ਲੱਗਣ ਲੱਗਾ ਹੈ ਪ੍ਰਵਾਸੀਆਂ ਤੋਂ ਬਿਨਾਂ ਸਾਡੀ ਜ਼ਿੰਦਗੀ ਸਾਡੇ ਕੰਮ ਸਾਡੀ ਖੇਤੀਬਾੜੀ ਸਾਡਾ ਕਾਰੋਬਾਰ ਇਥੋਂ ਤੱਕ ਕੇ ਘਰਾਂ ਦੀ ਸਾਫ਼ ਸਫ਼ਾਈ ਹੋਣੀ ਸੰਭਵ ਨਹੀਂ ਹੈ।

ਕਿਉਂਕਿ ਪੰਜਾਬੀ ਕਿਰਤੀ ਕਾਮਿਆਂ ਨੂੰ ਅਸੀਂ ਆਪਣੀ ਜ਼ਿੰਦਗੀ ਤੋਂ ਐਨਾ ਕੁਝ ਦੂਰ ਕਰ ਬੈਠੇ ਹਾਂ ਉਨ੍ਹਾਂ ਦੇ ਨਜ਼ਦੀਕ ਹੋਣਾ ਜਾਂ ਭਾਈਚਾਰਕ ਸਾਂਝ ਬਹਾਲ ਹੋਣੀ ਸੰਭਵ ਨਹੀਂ ਲੱਗਦੀ।

ਇਨ੍ਹਾਂ ਪ੍ਰਵਾਸੀਆਂ ਕਾਰਨ ਸਾਡੀ ਵਿਹਲੀ ਹੋਈ ਨੌਜ਼ਵਾਨੀ ਨਸ਼ਿਆਂ ਦੀ ਦਲਦਲ ਵਿੱਚ ਫਸੀ ਤੇ ਵੱਡੇ ਵੱਡੇ ਅਪਰਾਧਾਂ ਨੇ ਜਨਮ ਲਿਆ ਹੈ।

ਕੰਮਾਂ ਤੋਂ ਵਿਹਲੇ ਹੋਣ ਕਰਕੇ ਹੀ ਵੱਡੀਆਂ ਵੱਡੀਆਂ ਬਿਮਾਰੀਆਂ ਨੇ ਜਨਮ ਲਿਆ ਹੈ।

ਹੁਣ ਭਾਵੇਂ ਕੋਈ ਜੋ ਮਰਜੀ ਕਹੀ ਜਾਵੇ ਪਰ ਇਨ੍ਹਾਂ ਪ੍ਰਵਾਸੀਆਂ ਤੋਂ ਛੁਟਕਾਰਾ ਪਾਉਣਾ ਮੁਸ਼ਕਲ ਹੀ ਨਹੀਂ ਨਾ ਮੁਮਕਿਨ ਵੀ ਹੈ।

**ਸ ਕਸ਼ਮੀਰ ਸਿੰਘ ਭੁਲੱਥ**
8146091954

# ਟੂਰ ਦੀ ਇੱਕ ਗੱਲ

ਦਾਰੂ ਪੀਣ ਦੇ ਬਹੁਤ ਨੁਕਸਾਨ ਗਿਣਵਾਏ ਜਾਂਦੇ ਹਨ। ਪਰ ਇਸਦੇ ਕੁਝ ਕਿੱਸੇ ਯਾਦਗਾਰੀ ਹੋ ਨਿਬੜਦੇ ਹਨ। ਵੀਹਵੀਂ ਸਦੀ ਦੇ ਅਖੀਰਲੇ ਸਾਲਾਂ ਵਿੱਚ ਅਸੀਂ ਸਕੂਲੀ ਬੱਚੀਆਂ ਦਾ ਇੱਕ ਟੂਰ ਲੈਕੇ ਜੈਸਲਮੇਰ ਰਾਜਸਥਾਨ ਘੁੰਮਣ ਗਏ। ਅੱਗੇ ਅਸੀਂ ਰੇਤਲਾ ਇਲਾਕਾ ਵੇਖਣ ਚਲੇ ਗਏ ਜਿਸਨੂੰ ਸ਼ਾਇਦ ਡਿਊਨਜ ਕਹਿੰਦੇ ਹਨ। ਉਹ ਹਜ਼ਾਰਾਂ ਕਿਲੋਮੀਟਰ ਚ ਫੈਲਿਆ ਰੇਤਲਾ ਇਲਾਕਾ ਹੈ ਤੇ ਵੇਖਣਯੋਗ ਹੈ। ਇਹ ਇਲਾਕਾ ਪੋਖਰਨ ਦੇ ਨੇੜੇ ਹੈ ਜਿੱਥੇ ਭਾਰਤ ਨੇ ਪ੍ਰਮਾਣੂ ਧਮਾਕੇ ਕੀਤੇ ਸਨ। ਉੱਥੇ ਲੋਕ ਹਜ਼ਾਰਾਂ ਦੀ ਤਾਦਾਦ ਵਿੱਚ ਊਠ ਲੈਕੇ ਆਉਂਦੇ ਹਨ ਅਤੇ ਉਹ ਊਠਾਂ ਤੇ ਯਾਤਰੀਆਂ ਨੂੰ ਘੁੰਮਾਉਂਦੇ ਹਨ। ਇਹ ਓਹਨਾ ਦਾ ਰੋਜਗਾਰ ਹੈ। ਉਥੇ ਸਰਕਾਰ ਵੱਲੋਂ ਸੁਰੱਖਿਆ ਦੇ ਨਾਮ ਤੇ ਦੋ ਸਿਪਾਹੀ ਡਿਊਟੀ ਤੇ ਤਾਇਨਾਤ ਸਨ। ਸ਼ਾਮ ਦਾ ਵੇਲਾ ਸੀ ਮੈੱਸ ਠੇਕੇਦਾਰ ਦੇਵ ਰਾਜ ਸਭ ਲਈ ਡਿਨਰ ਤਿਆਰ ਕਰ ਰਿਹਾ ਸੀ। ਪ੍ਰਿੰਸੀਪਲ ਸੈਣੀ ਆਪਣੇ ਨਾਲ ਗਏ ਦੋਸਤ ਡਾਕਟਰ ਲੂਚੇ ਅਤੇ ਐਕਸੀਅਨ ਬਿਜਲੀ ਬੋਰਡ ਮਿਸਟਰ ਗਰੇਵਾਲ ਨਾਲ ਸ਼ਰਾਰਤ ਯੁਕਤ ਤਰਲ ਕੈਮੀਕਲ ਦਾ ਸੇਵਨ ਕਰ ਰਹੇ ਸਨ। ਦੂਜੇ ਨੰਬਰ ਦੀ ਸਰਕਾਰ ਨੇ ਬੱਚੀਆਂ ਲਈ ਕੈਂਪ ਫਾਇਰ ਦਾ ਪ੍ਰਬੰਧ ਕਰਵਾਕੇ ਉਥੇ ਕੰਜਰਲ (ਸੌਰੀ ਕਲਚਰਲ) ਪ੍ਰੋਗਰਾਮ ਸ਼ੁਰੂ ਕਰਵਾ ਦਿੱਤਾ। ਅਨਭੋਲ ਬੱਚੀਆਂ ਨੂੰ ਨੱਚਦੇ ਟੱਪਦੇ ਦੇਖਕੇ ਉਥੋਂ ਦੀ ਭੀੜ ਤਮਾਸ਼ਬੀਨ ਬਣਕੇ ਪ੍ਰੋਗਰਾਮ ਵੇਖਣ ਲੱਗੀ। ਪ੍ਰਿੰਸੀਪਲ ਸਾਹਿਬ ਤੇ ਤਰਲ ਪਦਾਰਥ ਦਾ ਉਲਟਾ ਅਸਰ ਹੋ ਗਿਆ। ਉਹ ਭੀੜ ਤੋਂ ਡਰ ਗਏ। ਉਹਨਾਂ ਬੱਚੀਆਂ ਨੂੰ ਬੱਸ ਵਿੱਚ ਜਾਣ ਦਾ ਹੁਕਮਨਾਮਾ ਜਾਰੀ ਕਰ ਦਿੱਤਾ। ਅੱਧਰਿੜੀਆਂ ਦਾਲਾਂ,



ਸਬਜ਼ੀਆਂ ਦੇ ਪਤੀਲੇ ਚੁੱਲ੍ਹੇ ਤੋਂ ਉਤਾਰਕੇ ਬੱਸ ਦੀ ਛੱਤ ਤੇ ਰਖਵਾਏ ਗਏ। ਠੇਕੇਦਾਰ ਨੇ ਚੁੱਲ੍ਹੇ ਵਿੱਚ ਮੱਚਦੀਆਂ ਲੱਕੜਾਂ ਨੂੰ ਵੀ ਪਾਣੀ ਨਾਲ ਬੁਝਾਕੇ ਬੱਸ ਦੀ ਛੱਤ ਤੇ ਰੱਖ ਲਿਆ। ਨਾਲ ਗਏ ਦਰਜ਼ਾ ਚਾਰ ਕਰਮਚਾਰੀਆਂ ਦੇ ਹੱਥਾਂ ਵਿੱਚ ਹਾਕੀਆਂ ਫੜਾਕੇ ਪੂਰਾ ਮੁਸਤੈਦ ਕਰ ਦਿੱਤਾ ਗਿਆ ਤੇ ਸੰਭਾਵੀ ਹਮਲੇ ਦਾ ਡੱਟਕੇ ਮੁਕਾਬਲਾ ਕਰਨ ਦੇ ਆਦੇਸ਼ ਜ਼ਾਰੀ ਦਿੱਤੇ। ਤਰਲ ਪਦਾਰਥ ਦੇ ਅਸਰ ਨਾਲ ਵੱਡੇ ਸਾਹਿਬ ਇੰਨਾਂ ਡਰ ਗਏ ਕਿ ਉਹਨਾਂ ਨੇ ਆਪਣੀ ਕਾਰ ਬੱਸ ਦੇ ਪਿੱਛੇ ਲਾਉਣੀ ਬੇਹਤਰ ਸਮਝੀ ਤਾਂਕਿ ਅੱਗੇ ਕੋਈ ਰਾਹ ਰੋਕਕੇ ਖੜਾ ਹਮਲਾ ਨਾ ਕਰ ਦੇਵੇ। ਹੁਣ ਬੱਸ ਪਿੱਛੇ ਸਾਹਿਬ ਦੀ ਕਾਰ ਸੀ। ਮੌਕੇ ਤੇ ਡਾਕਟਰ ਲੂਚੇ ਨੂੰ ਪ੍ਰੈਸ਼ਰ ਬਣ ਗਿਆ। ਮੂਤਰ ਪੈਂਟ ਗਿੱਲੀ ਕਰਨ ਨੂੰ ਤਿਆਰ ਸੀ। ਹੁਣ ਕਾਰ ਨੂੰ ਬੱਸ ਪਿੱਛੇ ਰੋਕਣਾ ਵੀ ਖਤਰੇ ਤੋਂ ਖਾਲੀ ਨਹੀਂ ਸੀ। ਫਿਰ ਕਾਰ ਨੂੰ ਬੱਸ ਕਰਾਸ ਕਰਵਾਈ ਗਈ। ਡਾ ਲੂਚੇ ਨੇ ਸੜ੍ਹਕ ਹੀ ਗਿੱਲੀ ਕਰ ਦਿੱਤੀ ਤੇ ਗੁਰੂ ਗੁਰੂ ਕਰਦਾ ਸਾਡਾ ਕਾਫਲਾ ਜੈਸਲਮੇਰ ਵਿੱਚ ਸਾਡੇ ਠਿਕਾਣੇ ਵਾਲੇ ਹੋਟਲ ਤੇ ਪਹੁੰਚਿਆ। ਪ੍ਰਬੰਧਕਾਂ ਦੀ ਦਲੇਰੀ ਵੇਖਕੇ ਮੇਰੇ ਵਰਗੇ ਸੌਂਫੀ ਅਤੇ ਬੱਚੇ ਅੰਦਰੋਂ ਅੰਦਰੀ ਹੱਸ ਰਹੇ ਸਨ। ਦੇਰ ਰਾਤ ਤੱਕ ਬੱਚੇ ਇਸ ਬਹਾਦਰੀ ਦੀਆਂ ਗੱਲਾਂ ਕਰਦੇ ਰਹੇ ਉਂਜ ਗਿਆਰਵੀਂ ਬਾਰ੍ਹਵੀਂ ਦੇ ਬੱਚੇ ਜੁਆਕ ਨਹੀਂ ਹੁੰਦੇ।



**ਰਮੇਸ਼ ਸੇਠੀ ਬਾਦਲ**

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

## ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**